ਖਿਰ ਥੀੜੀ ਖਿਗੀ ਹਾਖੀ ਮਾਥੀ
ਦਿਨ ਗਦੀ ਸਾਦੀ ਫਿਰ ਪੀਰ
ਧਿਦੀ ਆਯੀ ਕਾਪੀ ਨਿਮ ਨੀਲਾ
ਨਹੀ ਪਿਤਾ ਪੀਰੀ ਪਿਸੀ ਮਾੜ੍ਹੀ
ਸ਼ੀਨ ਢੀਕੀ ਟਿਰੀ ਕਾੜ੍ਹੀ ਬਿਨ

ਬੀਜ ਬਿਕੀ ਹਾਬੀ ਰਬੀ ਭਿੜਾ
ਬੀਘਾ ਬਿਨੀ ਭਾਭੀ ਅਭੀ ਹੀਣ
ਕਿਸਾਣ ਖਿਲਾੜ ਗਿਆਨ ਚਿਮਾਰ ਜਿਮਾਲਾ
ਝਿਲਾਸ ਟਿਕਾਉ ਠਿਕਾਣਾ ਡਿਗਾਣ ਚੀਰਲ
ਨਿਰਾਣੀ ਤਿਸਕਾ ਦਿਲਦਾ ਪਿਕਾਣ ਜ਼ਮੀਨ

ਮਿਰਾਜ਼ੀ ਰਿਸੀਓ ਲਿਕਾੜ ਵਿਚਾਰੀ ਸਮਾਜੀ
ਹਰੀਨਾਮ ਪੀਉ ਮੀਰਜਾ ਖਲਿਜੀ ਕਿਰਪਾਣ
ਸਿਰਦਾਰ ਸਾਝੀਦਾਰ ਹਰੀਦਾਸ ਚਹੀਰਾਮ ਰਣਿਵਾਦ
ਪਲਿਗਰ ਸੀਰਵਾਨ ਰੀਸ਼ਾ ਸੀਰਜਾਢਰ ਨਰਾਣੀਗਰ
ਹਰੀਭਜਨ ਸਿਰੀਕਿਸਨ ਅਹਿਰਾਵਣ ਪੀਰਜਵਾਣ ਸਾਨਤਦਿਰ

6.4 Sentences:

ਇਹ ਵਡਾ ਪਾਪੀ ਆਦਮੀ ਸੀ।
ਕੀ ਕਾਜ ਕੀਤਾ?
ਕਾਕਾ ਘਰ ਗਇਆ।
ਰਾਧਾ ਦੀ ਚਾਚੀ ਬਿਮਾਰ ਸੀ
ਸਿਆਹੀ ਕਾਲੀ ਸੀ, ਦਵਾਤ ਨੀਲੀ ਸੀ।
ਘਰ ਜਲ ਗਿਆ।
ਪਾਣੀ ਪੀਤਾ, ਭਜਨ ਗਾਇਆ।
ਕਾਲੀ ਕਾਰ ਕਦ ਆਈ?
ਪਾਣੀ ਪੀਉ।
ਪਾਣੀ ਦਾ ਗਿਲਾਸ ਭਰ।
ਗਿਆਨੀ ਲਾਲਾ ਆਇਆ।
ਨਦੀ ਚਉੜੀ ਸੀ ।

ਨਾਨਕ ਦੀ ਧੀ ਵਡੀ ਚਤਰ ਸੀ।
ਉਹ ਕੀ ਜਾਨਵਰ ਸੀ?
ਰਾਜਾ ਦਾ ਹਾਥੀ ਆਇਆ।
ਉਹ ਕਦ ਮਰ ਗਈ?
ਪਾਪੀ ਰਾਜਾ ਨਾ ਹੀ ਖਾ ਸਕਦਾ ਸੀ, ਨਾ ਹੀ ਪੀ ਸਕਦਾ ਸੀ।
ਰਾਮ ਦੀ ਕਾਪੀ ਨੀਲੀ ਸੀ।
ਰਾਣੀ, ਪਾਣੀ ਪੀ।
ਇਹ ਕੀ ਚੀਜ਼ ਸੀ ?
ਜਾਨਵਰ ਤੜਫ ਤੜਫ ਕਰ ਮਰ ਗਿਆ।
ਖਤ ਲਿਖਿਆ।
ਬਰਸ ਬੀਤ ਗਇਆ।
ਨਾਇਣ ਬਜ਼ਾਰ ਗਈ।

6.5 Vocabulary:

ਆਈ	a:i:	past absolute of ਆਉਣਾ (f.)
ਆਦਮੀ	a:dmi:	man (m.)
ਇਹ	ih (é)	he, she, it, this, that
ਸਕਦਾ ਸੀ	sakda: si:	was able to, could
ਸਿਆਹੀ	sia:hi:(siá:i:)	ink (f.)
ਸੀ	si:	was (commonly used for both m. and f. in colloquial Panjabi)
ਹਾਥੀ	ha:thi:	elephant (m.)
ਹੀ	hi:	emphatic word
ਕਦ	kad	when?
ਕਰ	kar	stem of ਕਰਨਾ

ਕਰਨਾ	karna:	to do
ਕਾਜ	ka:j	work (m.)
ਕਾਪੀ	ka:pi:	notebook (f.)
ਕਾਰ	ka:r	car (f.)
ਕਾਲੀ	ka:Li:	black (f., see ਕਾਲਾ)
ਕੀ	ki:	what?
ਕੀਤਾ	ki:ta:	did, past absolute of ਕਰਨਾ (m.)
ਖਤ	khat	letter (m.)
ਖਾ	kha:	stem of ਖਾਣਾ
ਗਈ	gai:	went, past absolute of ਜਾਣਾ (f.)
ਗਾਇਆ	ga:ia:	sang, past absolute of ਗਾਉਣਾ (m.)
ਗਿਆ	gia:	= ਗਇਆ
ਗਿਆਨੀ	gia:ni:	wise
ਗਿਲਾਸ	gila:s	glass (m.)
ਚਉੜਾ	ca'uRi:	wide, broad (f.)
ਚਾਚੀ	ca:ci:	father's younger brother's wife (f.)
ਚੀਜ਼	ci:z	thing (f.)
ਜਲਣਾ	jaLNa:	to burn (intr.)
ਜਲ ਜਾਣਾ	jaL ja:Na:	to burn down (intr.)
ਜਾਨਵਰ	ja:nvar	animal (m.)
ਤੜਫਣਾ	taRaphNa:	to writhe, to be in agony
ਤੜਫ ਤੜਫ ਕਰ		having been in great agony
ਦਵਾਤ	dava:t	inkpot (f.)
ਦੀ	di:	of (f., see ਦਾ)
ਧੀ	dhi: (tì:)	daughter (f.)
ਨਦੀ	nadi:	stream (f.)
ਨਾ	na:	not

ਨਾ...ਨਾ	na:...na:	neither...nor
ਨਾਇਣ	na:iN	barber's wife (f.)
ਨੀਲਾ	ni:la:	blue (m.)
ਨੀਲੀ	ni:li:	blue (f., see ਨੀਲਾ)
ਪਾਣੀ	pa:Ni:	water (m.)
ਪਾਪੀ	pa:pi:	sinful
ਪੀ	pi:	imperative sg. of ਪੀਣਾ
ਪੀ	pi:	stem of ਪੀਣਾ
ਪੀਉ	pi:u (pi:o)	imperative pl. of ਪੀਣਾ
ਪੀਣਾ	pi:Na:	to drink
ਪੀਤਾ	pi:ta:	drank, past absolute of ਪੀਣਾ (m.)
ਬਜ਼ਾਰ	baza:r	market (m.)
ਬਰਸ	baras (or bars)	year (m.)
ਬਿਮਾਰ	bima:r	sick
ਬੀਤਣਾ	bi:tNa:	to pass
ਬੀਤ ਜਾਣਾ	bi:t ja:Na:	to pass (as 'time passes)
ਭਰ	bhar (pàr)	imperative sg. of ਭਰਨਾ
ਭਰਨਾ	bharna:(pàrna:)	to fill
ਮਰ	mar	stem of ਮਰਨਾ
ਮਰਨਾ	marna:	to die
ਰਾਣੀ	ra:Ni:	queen, girl's name (f.)
ਲਿਖਣਾ	likhNa:	to write
ਲਿਖਿਆ	likhia:	wrote, past absolute of ਲਿਖਣਾ(m.)
ਵੜੀ	vaDi:	big, very (f., see ਵਡਾ)

In subsequent vocabulary lists, only the masculine singular forms of adjectives and verbs will be given. See the Grammatical Appendix for explanation of gender and number endings.

6.6 Writing Practice

ati aji: arbi: aukhi:
sahi: sir siva: si:ta:
ha:li: ha:thi: hi:N kami:

kiha: kila: khir kha:ki:
gasi: gi:ta: ga:li: ghaRi:
ghiu ca:ci ciTa: ci:j

chi:l ja:ti: jihaL ji:v
jhi:l Tika: Thi:k Dha:Ni:
ti:r tiha: dili: din

dhir nira: ni:ka: pi:u
pi:Na: pita: bikh bina:
bi:bi: bha:ni: bhi:R mahi:

li:Ra: va:ri: vi:h likh
vina:s vica:ra: viva:h la:lci:
laRak rahit mira:si: mahima:

bhira:u bhagti: bima:r bijli:
bahis pharsi: phirna: pichla:
pahia: pakhi:r faki:r niva:j

sirha:Na: kacahiri: khari:dNa: galbaDhi:
ci:baLna: jimi:da:r tahsi:l tapasvi:
daria:i: dapahira: dhirka:r dhi:rmal
na:stik nirbha:ga: pati:jNa: masta:ni:

UNIT VII

POST-CONSONANTAL 'u' AND 'u:'

7.1 The post-consonantal 'u' is written as one short curved line under the consonant it is to follow, for example:

ਕੁ	ku	ਪੁ	pu
ਚੁ	cu	ਤੁ	tu
ਟੁ	Tu	ਲੁ	lu

The post-consonantal 'u:' is indicated by two short curved lines under the consonant it is to follow, for example:

ਕੂ	ku:	ਪੂ	pu:
ਚੂ	cu:	ਤੂ	tu:
ਟੂ	Tu:	ਲੂ	lu:

7.11 Writing Illustrations



7.2 Reading Illustrations

ਕੁਲ	kul	ਕੂਮਲ	ku:mal
ਕੁਝ	kujh	ਕੂਣਾ	ku:Na:
ਕੁਰਾਨ	kura:n	ਕੂਈ	ku:i:
ਭੁਜ	bhuj	ਭੂਤ	bhu:t
ਬੁਰਾ	bura:	ਬੂਰਾ	bu:ra:

ਦੁਨਿਆ	dunia:	ਫੂਲਣਾ	phu:lNa:
ਸੁਆਦ	sua:d	ਟੂਚੀ	Tu:ci:
ਠੁਹੁਣਾ	ThuhuNa:	ਠੂਢਣਾ	Thu:DhNa:

7.3 Reading Practice

ਕੁਝ	ਕੂਤਾ	ਕੁਕੂ	ਸਕੁ	ਚਾਕੂ
ਖੁਰ	ਖੂਨੀ	ਖੁਸੀ	ਸੁਖ	ਮਾਖੂ
ਗੁਰ	ਗੂਣ	ਗੁਰੂ	ਰਗੁ	ਜਾਗੂ
ਘੁਚ	ਘੂਮੀ	ਘੁਲੂ	ਸਘੁ	ਮੀਘੂ
ਚੁਪ	ਚੂਲ	ਚੁਟੂ	ਮਚੁ	ਕਾਚੂ
ਛੁਕ	ਛੂਰ	ਛੁਰੂ	ਰਛੁ	ਆਛੂ
ਜੁਸ	ਜੂਣੀ	ਜੁਲੂ	ਨਜੁ	ਕਾਜੂ
ਟੁਟ	ਟੂਕ	ਟੁਖੂ	ਟੀਟੁ	ਹੀਟੂ
ਠੁਲ	ਠੂਗ	ਠੁਕੂ	ਫਿਠੁ	ਨੀਠੂ
ਕਾਣੁ	ਆੜੂ	ਝਾੜੂ	ਚਾਣੁ	ਮਣੂ
ਡੁਪ	ਡੂਮ	ਡੁਡੂ	ਹਾਡੁ	ਕਾਡੁ
ਤੁਕ	ਤੂਸੀ	ਤੁਹੂ	ਸਤੁ	ਜਾਤੂ
ਥੁਣ	ਥੂਕ	ਥੁਥੂ	ਫਥੁ	ਸਾਥੂ
ਦੁਨ	ਦੂਹੀ	ਦੁਬੂ	ਵਦੁ	ਜਾਦੂ
ਧੁਮ	ਧੂਪ	ਧੁਲੂ	ਪਧੁ	ਰਾਧੂ
ਨੁਰ	ਨੂਰ	ਨੁਲੂ	ਹਨੁ	ਸਾਨੂ
ਪੁਰ	ਪੂੀ	ਪੁਰੂ	ਸਪੁ	ਬਾਪੂ
ਫੁਕ	ਫੂਸੀ	ਫੁਗੁ	ਰਫੁ	ਲਾਫੂ
ਭੁਸ	ਭੂਤ	ਭੁਕੂ	ਅਭੂ	ਜਾਭੂ
ਬੁਤ	ਬੂਗ	ਬੁਬੂ	ਕਬੂ	ਆਬੂ

ਯੂਗ	ਯੂਰੀ	ਯੁਜੂ	ਆਪੂ	ਬਾਬੂ
ਰੂਪਾ	ਰੁਮ	ਰੁਸੂ	ਰਾਰੁ	ਫਾਰੂ
ਲੁਜ	ਲੂਖਾ	ਲੁਲੂ	ਬਲੁ	ਕਾਲੂ

ਕੁਤਬ	ਖੁਸਰ	ਗੁਮਾਨ	ਘੁਮੜ	ਚੁਹਾਨ
ਛੁਵਾ	ਜੁਗਤ	ਝੁਲਣ	ਟੁਕਰ	ਠੁਮਸ
ਬੂਸੜ	ਦੂਮਰ	ਧੂਸਲ	ਨੂਰਜ	ਪੂਕਾਰ

ਕੁਰਾੜੀ	ਲੁਹਾਰੀ	ਬੁਹਾੜੀ	ਭੁਜਾਈ	ਬੁਲਾਏ
ਚੂਰਮੀ	ਖਜੂਰੀ	ਭੁਲਾਏ	ਸੁਨਾਉਣੀ	ਨੁਗੁਰਾ
ਮੁਸ਼ਕਲ	ਖੁਰੂਦਣ	ਕੁਲੜਾ	ਜਟੂਰੀ	ਧੂੜਣਾ

7.4 Sentences: Read and translate into English:

ਭਗਵਾਨ ਦੀ ਪੂਜਾ ਕੀਤੀ ।
ਲਾਲਚ ਬੁਰੀ ਚੀਜ਼ ਸੀ।
ਰਾਧਾ ਵਡੀ ਸੁਹਣੀ ਕੁੜੀ ਸੀ।
ਕੁਝ ਪੀੜ ਸੀ, ਦੁਆਈ ਪੀਤੀ।
ਦੂਜਾ ਹਾਥੀ ਗਿਆ, ਉਹ ਕਾਲਾ ਸਾ।
ਨਦੀ ਦਾ ਪੁਲ ਚਉੜਾ ਸਾ।
ਪੁਸਤਕ ਲਿਖ।
ਕੁੜੀ ਚਤਰ ਸੀ।
ਭੂਤ ਦੀ ਕਹਾਣੀ ਸੁਣ।
ਉਸਦਾ ਪਤਾ ਕੀ ਸੀ ?
ਗੁਰੂ ਜੀ ਆਏ।

ਗੁਰੂ ਨਾਨਕ ਗਿਆਨੀ ਸਾ।
ਕਾਨਪੁਰ ਜਰੁਰ ਜਾਉ।
ਹੁਣ ਉਹ ਕੀ ਕਰ ਸਕਦਾ ਸੀ?
ਕਾਲੂ ਜੁਆਣ ਆਦਮੀ ਸਾ।
ਪੁਰਾਣਾ ਬਰਸ ਬੀਤ ਗਿਆ।
ਰਾਧਾ ਬਜ਼ਾਰ ਗਈ।
ਖਤ ਆਇਆ।
ਹੁਣ ਪੂਜਾ ਕਰ।
ਦੁਆਈ ਪੀ।
ਕੁਝ ਖਾਉ, ਕੁਝ ਪੀਉ।
ਕਾਲੂ, ਪੁਸਤਕ ਸੁਣ।

7.5 Vocabulary: Learn the following words:

ਸੁਹੁਣਾ	suhuNa: (sú:Na:)	beautiful (m.)
ਸੁਣ	suN	imperative sg. of ਸੁਣਨਾ
ਸੁਣਨਾ	suNna:	to hear, listen to

ਹੁਣ	huN	now
ਕਹਾਣੀ	kaha:Ni: (ká:Ni:)	story (f.)
ਕਾਨਪੁਰ	ka:npur	Kanpur, a city in India (m.)
ਕਾਲੂ	ka:Lu:	a boy's name (m.)
ਕੁਝ	kujh (kúj)	some, a little
ਕੁੜੀ	kuRi:	girl (f.)
ਗੁਰੂ	guru:	teacher, religious teacher (m.)
ਜਰੂਰ (ਜ਼ਰੂਰ)	jaru:r (zaru:r)	surely, certainly
ਜੀ	ji:	an honorific suffix
ਜੁਆਣ	jua:N	young
ਦੁਆਈ	dua:i:	medicine (f.)
ਦੂਜਾ	du:ja:	second, other (m.)
ਪਤਾ	pata:	address (m.)
ਪੀੜ	pi:R	pain (f.)
ਪੁਸਤਕ	pustak	book (m.)
ਪੁਰਾਣਾ	pura:Na:	old (i.e., not new) (m.)
ਪੁਲ	puL	bridge (m.)
ਪੂਜਾ	pu:ja:	worship (f.)
ਪੂਜਾ ਕਰਨਾ		to worship
ਬਹੁਤ	bahut (báut)	very, much
ਬੁਰਾ	bura:	bad, evil
ਭਗਵਾਨ	bhagva:n (pàgva:n)	God (m.)
ਭੂਤ	bhu:t	ghost, evil spirit (m.)
ਲਾਲਚ	la:lac	greed (m.)
ਲਿਖ	likh	imperative sg. of ਲਿਖਣਾ

In succeeding units only the infinitive forms of verbs will be given, except in the case of irregularly inflected verbs. See the Grammatical Appendix for verb paradigms.

7.6 Writing Practice

sudh	su:r	šuru:	huN
ka:Lu:	ku:ca:	khu:b	khuši:
guru:	ghulu:	cuRi:	chuTi:
ja:Nu:	juda:	jua:	jhu:Tha:
TaTu:	Du:mda:	ti:ku:	tu:Ri:
da:ru:	la:du:	dukhi:	du:ja:
na:thu:	nu:h	pu:ja:	pu:Ni:
phu:Ti:	bahut	bura:	bu:ha:
bhu:a:	bhu:mi:	muni:	mu:ji:
rupa:	lu:Na:	sujh	la:hu:
vastu	vibhu:ti	luha:r	la:lu:
rupai:a:	rupvati:	mu:rcha:	murga:i:
murda:	muhra:	mashu:r	suthNi:
bupa:ri:	buDha:pa:	badu:k	pura:Na:
Dubki:	Tha:kur	ju:eba:j	jha:Tam
jula:ha:	chuDa:ia:	cugi:	ghumia:r
gurdua:r	guja:ra:	khua:uNa:	kartu:t
kuRma:i:	kutu:ra:	kuma:d	suhubat
bhiRtu:	janakpur	phajalpuri:	satluj
sahu:ri:	ahurmajda:	purka:ji:	maju:ri:
sua:mi:	sulta:n	sarka:ru:	kuTal

UNIT VIII

POST CONSONANTAL 'e', 'ai', 'o', AND 'au'

8.1 The four remaining post-consonantal signs are written above the horizontal line, directly above the consonant they are to follow. They are as follows:

ੇ	e	ੈ	ai	ੋ	o	ੌ	au

Connected to a consonant, they look like this:

ਕੇ	ke	ਕੈ	kai	ਕੋ	ko	ਕੌ	kau
ਪੇ	pe	ਪੈ	pai	ਪੋ	po	ਪੌ	pau
ਤੇ	te	ਤੈ	tai	ਤੋ	to	ਤੌ	tau
ਚੇ	ce	ਚੈ	cai	ਚੋ	co	ਚੌ	cau

8.11 Writing Illustrations



8.2 Reading Illustrations

ਕੇੜਾ	keDa:	ਕੈਸਾ	kaisa:	ਕੋਈ	koi:
ਕੌੜਾ	kauda:	ਖੇੜ	kheD	ਖੈਰ	khair
ਖੌਫ਼	khauf	ਖੋਣਾ	khoNa:	ਜੇੜਾ	jeDa:
ਜੈਨ	jain	ਜੋਗੀ	jogi:	ਜੌੜ	jauR
ਝੇਲ	jhel	ਝੈਰ	jhair	ਝੋਕ	jhok

ਝੌਣਾ	jhauNa:	ਟੇਰ	Ter	ਟੈਰਾ	Taira:
ਟੋਲ	Tol	ਤੌਣਾ	tauNa	ਠੇਗ	Theg
ਠੈਪ	Thaip	ਠੋਕ	Thok	ਠੌਸਾ	Thausa:
ਧੋਤੀ	dhoti:	ਧੌਲ	dhaul	ਬੇਦ	bed
ਬੈਠ	baiTh	ਬੋਲੀ	boli:	ਭੋਗ	bhog
ਹੈਰਾਨ	haira:n	ਹੇਠ	heTh	ਹੌਜ	hauj

8.3 Reading Practice

ਕੇਸ ਕੈਰ ਕੋਸ ਕੌਮ ਖੇਲ ਖੈਰ
ਖੋਜ ਖੌਨ ਗੇਰ ਗੈਲ ਗੋਦ ਗੌਜ
ਘੋਰ ਘੈਣ ਘੋਲ ਘੌਵ ਚੇਲਾ ਚੈਣਾ
ਚੋਰ ਚੌਕ ਛੇਦ ਛੈਹ ਛੇਕ ਛੌਰ

ਜੋਨ ਜੌਮ ਜੇਲ ਜੈਨ ਝੋਰ ਝੌਮ
ਝੇਲ ਝੈਕ ਡੋਲ ਡੌਨ ਡੇਰ ਢੇਰ
ਢੋਰ ਢੌਮ ਡੈਣਾ ਡੋਰ ਬੋਲਾ ਦੋਣੋ
ਗੌਣਾ ਰੌਨ ਹੋਣਾ ਤੇਲ ਤੈਸ ਤੋਰ
ਤੌਲ ਖੇਕ ਦੋਕ ਨੋਕੀ ਬੋਦੀ ਪੇਸ

ਪੈਦਾ ਪੋਦ ਪੌਣਾ ਫੇਰ ਫੌਜ ਫੋਕ
ਭੇਜ ਭੇਜੋ ਭੈੜ ਭੌਨ ਮੌਨ ਮੇਰੀ
ਮੈਲ ਮੋਚੀ ਯੋਯੋ ਯੌਜ ਸੌੜ ਸੇਵਾ
ਸੈਲ ਗੌੜ ਹੋਰ ਮੇਵਾ ਲੈਣਾ ਠੇੜਾ

ਸੋਹਿਣੀ ਕੁਹਾਸੇ ਤੁਹਾਡੇ ਹਮਾਰੇ ਖੇਲਣਾ
ਗੋਮਤੀ ਘੋਘਰਾ ਜੇਵਨਾ ਝੇਲਮ ਚੇਨਾਬ
ਛੋਰਦੀ ਟੋਕਰ ਠੈਕੜਾ ਡੇਹਲਾ ਦੈਹਰਾ

ਤੈਜਸੀ ਖੇਗਲੀ ਦੇਵਤਾ ਧੋਬਿਣ ਨੇਵਲਾ
ਪੋਲਕਾ ਫੌਂਦਾ ਬੈਹਿਣ ਭੋਗਦਾ ਮੋਰਨੀ
ਘੋਜਿਨੀ ਰੈਦਾਸ ਵੈਤਾਲ ਸੋਹਰ ਹੈਰਾਨ
ਹੋਗਿਆ ਸੋਰਗ ਸੇਹਗ ਕੇਵਲ ਚੋਧਰੀ

ਖੋਪੜੀ ਚੋਪੜਾ ਵੈਦਕ ਦੇਥਣਾ ਦਿਖਾਵੇ
ਕਹਿਏ ਚਬੈਣਾ ਡੈਹਣਾ ਦੇਹਰਾ ਕੈਰਸਾ
ਸੈਜਾਨ ਨੌਕਰ ਸੋਜਾਣਾ ਖੋਟਾਈ ਸਰਾਘੇ
ਮਿਲਦੇ ਫਾਲਕੇ ਦੇਖਕੇ ਪੇਸਗੀ ਖੇਤੜੀ

ਮੇੜਕੀ ਜੋਗਣ ਰੋਹਿਣੀ ਕਿਸੀਤੇ ਕਸੀਦੇ
ਚੁਹਾਨੇ ਕਮਾਲੇ ਰਮੋਲਾ ਹੈਰਾਨੀ ਹੋਰਸਾ
ਬੋਦਾਸੀ ਖੋਦਣਾ ਘੇਰਾਈ ਬਣਾਇਏ ਬਿਰਾਣੇ
ਸਿਗਾੜੇ ਨਗਾੜੇ ਲੋਕਣ ਲੋਕਣੀ ਪੌਜਰ

ਜੋਹਦਾਰ ਫੋਜਦਾਰ ਮੋਜੀਭਾਈ ਲੋਰਨੀਤਿ ਰੋਗਭੋਗ
ਸੋਕਜੋਕ ਰੌਜਗਾਰ ਰੈਨਚੈਣ ਦਿਨਰੈਨ ਅਗੋਪਾਛੇ
ਕੌਣਜੋਣ ਪਰਮੇਸੁਰ ਰਾਮੇਸੁਰ ਭਗੋੜਣ ਖੋਟਪੋਟ
ਸੈਲਗਾਈ ਲੈਲਾਗੀਰ ਮਹਾਧੌਤ ਲੋਟੜੀ ਨਹੋਖੜਾ

ਨੇਤਕੀ ਨੋਬਲੂ ਲੇਧੜਾ ਕੋਚਬਾਣ ਖੇਵਕ
ਕਾਨੂਗੋ ਜੋਖਾਈ ਝੜਬੇਰ ਹੋਘਾਰ ਹੌਲੀਵਣਾ
ਗੋਲੇਣਾ ਗੋਇਲੀ ਘੇਰਨੀ ਦੋਜਖਣ ਦੋਹਤਬਹੂ
ਢੇਕਪੁਣਾ ਧੌਲੂ ਫੈਇਆ ਫੈਪੈਣਾ ਚੌਥਾਈ

8.4 Sentences: Read and translate into English:

ਉਹ ਆਦਮੀ ਕੌਣ ਹੈ?
ਇਹ ਕੀ ਚੀਜ਼ ਹੈ?
ਨਾ ਕੋਈ ਆਇਆ, ਨਾ ਕੋਈ ਗਇਆ।
ਧੋਬੀ ਧੋਤੀ ਲੈ ਆਇਆ।
ਜੋ ਕੁਝ ਤੇਰੇ ਕੋਲ ਹੈ, ਦੇ ਦਿਹ।
ਕਾਲੂ ਹੈਰਾਨ ਹੋ ਗਿਆ।
ਰਾਮ, ਮੇਵਾ ਖਾਉ।
ਆਪਣਾ ਪੂਰਾ ਪਤਾ ਲਿਖੋ।
ਬਿਖ ਖਾਵੇ, ਬਿਖ ਬੋਲੀ ਬੋਲੇ ।
ਰਾਜੇ ਦੇ ਘਰ ਵਿਚ ਬਹੁਤ ਨੌਕਰ ਸਨ।

ਤੇਰਾ ਕੀ ਦੀਨ ਹੈ?
ਇਹ ਦੁਆਈ ਵਡੀ ਕੌੜੀ ਹੈ।
ਕਿਸੇ ਰਾਜੇ ਦੇ ਕੋਲ ਘੋੜੇ ਹਨ।
ਕੋਈ ਆਇਆ, ਕੁਝ ਆਖਿਆ।
ਸਭ ਕੁਝ ਪਰਮੇਸੁਰ ਦੀ ਖੇਡ ਹੈ।
ਬਾਬਾ ਮੇਵੇ ਲੈ ਆਇਆ।
ਉਹ ਮੇਰਾ ਘੋੜਾ ਹੈ।
ਆਰਡਰ ਦੇ ਨਾਲ ਕੁਝ ਰਕਮ ਭੇਜੋ ।
ਲੋਕ ਆਖਦੇ ਹਨ।
ਮੇਰੀ ਐਨਕ ਲੈ ਆ ।

8.5 Vocabulary

ਆਖਣਾ	a:khNa:	to say
ਆਪਣਾ	a:pNa:	own, reflexive pronoun
ਆਰਡਰ	a:rDar	order (m.)
ਐਨਕ	ainak	eye glasses (f.)
ਸਭ	sabh (sáb)	all
ਸਭ ਕੁਝ		everything
ਹਨ	han	(they) are, 3rd. pl. pres. of ਹੋਣਾ
ਹੈ	hai	is, 3rd. sg. pres. of ਹੋਣਾ
ਹੈਰਾਨ	haira:n	surprised, astonished
ਹੋਣਾ	hoNa:	to be
ਹੋ ਜਾਣਾ		to become
ਕੌੜਾ	kauRa:	bitter
ਕਿਸੇ	kise	post-positional of ਕੋਈ
ਕੀ	ki:	what?

ਕੋਈ	koi:	some, any, someone
(ਦੇ) ਕੋਲ	koL	near, close to
(ਦੇ) ਕੋਲ ਹੋਣਾ		to have
ਕੌਣ	kauN	who?
ਖੇਡ	kheD	game (f.)
ਘੋੜਾ	ghoRa: (kòRa:)	horse (m.)
ਜੋ	jo	which, what, that
ਜੋ ਕੁਝ		whatever
ਤੇਰਾ	tera:	thy
ਤੇਰੇ ਕੋਲ ਹੈ		thou hast
ਦੀਹ	di:h (dí:)	imperative sg. of ਦੇਣਾ
ਦੀਨ	di:n	religion, faith (m.)
ਦੇਣਾ	deNa:	to give
ਦੇ ਦੇਣਾ		to give away
ਧੋਤੀ	dhoti:(tòti:)	dhoti (f.)
ਧੋਬੀ	dhobi:(tòbi:)	washerman (m.)
(ਦੇ) ਨਾਲ	na:L	with
ਨੌਕਰ	naukar	servant (m.)
ਪਰਮੇਸੁਰ	parmesur	God (m.)
ਪੂਰਾ	pu:ra:	whole, complete
ਬਿਖ	bikh	poison (m.)
ਬੋਲਣਾ	bolNa:	to speak
ਬੋਲੀ	boli:	speech, talk, word (f.)
ਭੇਜਣਾ	bhejNa:(pèjNa:)	to send
ਮੇਰਾ	mera:	my
ਮੇਵਾ	meva:	fruit (m.)
ਰਕਮ	rakam	money, cash (m.)

ਲੈਣਾ	laiNa:	to take
ਲੈ ਆਉਣਾ	lai a:uNa:	to bring
ਲੋਕ	lok	people (m.)
ਵਿਚ	vic	in

8.6 Writing Practice

seva:	sekhi	sail	saina:
sobha:	soda:	hada:	haule
koi:	kom	khet	khoTa:
gail	gopi:	ghoRa:	ghera:
chaubi:	coNal	chet	chola:
jeha:	jog	jauR	jhoTa:
teli:	Topi:	Thaur	Theda:
DeDh	DaiNa:	DhoNa:	teL
top	toRi:	thauDaL	devi:
dosi:	dauR	dhobi:	neki:
paida:	peTa:	paisa:	pair
paudha:	pothi:	fauj	phera:
baDi:	bail	bobo	boli:
baiNa:	bhaura:	bheT	maiL
roti:	rauLa:	loha:	laiNa:
bairi:	ved	cori:	vaid
vehRa:	vaDera:	rokNa:	rupaia:
maulvi:	bhojan	botal	baiThNa:

behRa:	bakheRa:	pherna:	parojan
pardesi:	parmesur	nicoRnaL	taRkai:
Thaukar	DeuDhi:	jhelam	jaira:m
jotNa:	a:hamNe	duva:Le	updeš
saikRa:	saina:	karoRi:	kuchaila:
khaleNa:	ghoRcaRa:	coki:da:r	jueba:j
ghasaila:	kachoTa:	khepaRi:	labeda:
parešTa:	phalohir	tarophla:	taifa:
soha:va:	seuNi:	arogaN	airoair
baDbol	heThla:	kauDi:a:	jheRan
gairat	pairopair	raii:yat	savaii:ya:
seiN	kacauri:	pekhna:	radkoi:
bu:teda:r	chaRhoya:	da'ia:	da:i:a:
daitNi:	DhekpuNa:	jaiji:ya:	jauDa;
noblu:	updesak	itroka:	i:sa:NkoN
manorath	na:rel	pairwaii:	rahela:
rošna:i:	sarpec	sowa:ru:	thapeRa:
pardohta:	pareDe	loba:N	lodhNa:
khorna:	khadeRna:	bagair	badle
anhoni:	avera:	carveda:r	chavaiya:

UNIT IX

OTHER SIGNS -- I

9.1 Two signs are used in the Gurumukhi script to represent the nasal vowels or the nasal consonants, when the latter are homorganic nasals forming the first member of a consonant cluster. The Panjabi consonants are grouped in the Gurumukhi alphabet according to their articulation, with each group of four stops (for example, 'k', 'kh', 'g', 'gh') linked to a similar nasal, which can be called the homorganic nasal for the stops in that group (in this case, 'ŋ'). In clusters of homorganic nasal + stop the nasal letters are not written out as they have been taught in preceding chapters, but they are replaced by tippi: or bindi:, the signs that will be discussed in this Unit. These signs are to be understood to represent the nasal 'ਙ' when they occur before 'ਕ', 'ਖ', 'ਗ', 'ਘ'; to represent 'ਞ' before 'ਚ', 'ਛ', 'ਜ', 'ਝ'; 'ਣ' before 'ਟ', 'ਠ', 'ਡ', 'ਢ'; 'ਨ' before 'ਤ', 'ਥ', 'ਦ', 'ਧ' ; and 'ਮ' before 'ਪ', 'ਫ', 'ਬ', 'ਭ'. When they occur before a nasal consonant they indicate that the consonant is to be doubled (sometimes the usual sign for doubling, the adhik, is used to indicate doubling of a nasal consonant, see 10.13). Before 's' these signs represent a nasal consonant which according to Sanskrit grammar is 'ṁ', but in Panjabi is actually 'n'. In all other cases tippi: and bindi: represent a nasal vowel, here indicated by ˜.

9.2 tippi: (ੰ) is used with the so-called "short vowels", 'a' and 'i' in both initial and post-consonantal forms (ਅੰ, ਇੰ ਕੰ, ਕਿੰ). It is used with 'u' and 'u:' in their post-consonantal forms only (ਕੁੰ, ਕੂੰ).

9.21 Writing Illustrations

tippi: is placed above the horizontal line and directly over the vowel. It is written after the consonant + vowel syllable is completed:

9.22 Reading Illustrations

ਪੰਜ	pañj	ਕੰਨ	kann
ਪਿੰਡ	piND	ਬੰਸ	bans
ਪੁੰਡਰ	puNDar	ਇੰਦ	ind
ਪੂੰਗਰਾ	pu:ŋgra:	ਅੰਬੀ	ambi:
ਨੂੰ	nũ:	ਨੂੰਹ	nũ:h (nṹ:)

9.3 bindi: (ਂ) is used with the "long vowels", 'a:', 'i:', 'e', 'ai', 'o', 'au' and with 'u' and 'u:' in their initial forms (ਆਂ, ਾਂ, ਈਂ, ੀਂ, ਏਂ, ੇਂ, ਐਂ, ੈਂ, ਓਂ, ੋਂ, ਔਂ, ੌਂ, ਉਂ, ਊਂ)

9.31 Writing Illustrations

bindi: is written in the same place and in the same order as is tippi:

9.32 Reading Illustrations

ਖਾਂਦਾ	kha:nda:	ਜਿਥੋਂ	jithõ
ਡੀਂਗ	Di:ŋg	ਊਂਟ	u:NT
ਪੈਂਡਾ	paiNDa:	ਉਂਗਲ	ungal
ਸੌਂਦਾ	saunda:	ਕਾਂਸੀ	ka:nsi:
ਰੇਡੀ	reNDi:	ਮੀਂਹ	mĩ:h (mĩ́:)
ਤੋਂ	tõ	ਔਂ	ãu

9.4 Reading Practice

ਪਿੰਡ	ਵਿਚੋਂ	ਘੰਟਾ	ਪੰਜਾ	ਪਿੰਡਾ
ਵਾਂਗ	ਡੀਂਗ	ਵਿੰਗ	ਮੂੰਹ	ਊਂਘ
ਖਾਂਦਾ	ਤਦੋਂ	ਜੀਂਹ	ਬਿੰਦੀ	ਭੀਂਭੀਂ
ਰੋਂਦਾ	ਸਾਥੋਂ	ਕਟਾਂ	ਨਹੀਂ	ਬਾਂਗੀ

ਫੀਂਗਰੀ	ਤੁਹਾਥੋਂ	ਪੀਂਗੜਾ	ਚਾਂਦਨੀ	ਪਿੰਗਾਣੇ
ਦੰਗਲ	ਤੜਿੰਗ	ਸੁੰਦਰ	ਪਹਿਲੋਂ	ਗੁਲਾਮਾਂ
ਲੀਡਰਾਂ	ਬਾਹਰੋਂ	ਨਿਆਈਂ	ਮੰਗਦੀ	ਸੰਸਾਰ
ਸੰਖਿਆ	ਪਿਛਾਂਹ	ਬਾਂਦਰ	ਲਹਿੰਦਾ	ਰਹਿੰਦਾ

ਨੀਂਦਰ	ਮਰੌਂਦੇ	ਪੰਜਾਬੀ	ਬੰਗਾਲੀ	ਤਸਨੂੰ
ਆਉਂਦੀ	ਮੂਹਰਾਂ	ਅੰਬਚੂਰ	ਰਚਨਾਵਾਂ	ਕਪਿੰਜਲ
ਆਪਣਆਂ	ਚਲਾਂਗੀਆਂ	ਉਗਰਾਹੁੰਦੇ	ਪੜਿੰਗੀਆਂ	ਵੰਗੜੀਆਂ
ਗੁੰਦਾਇਆ	ਝੂਲੇਂਦਿਆ	ਤਾਰਾਸਿੰਘ	ਫੜਕਉਂਦਾ	ਅੰਗਰੇਜ਼ੀ

ਬਿਹੜਮੀਂ	ਚੂਹੰਡੀ	ਗੌਂਸ	ਘੀਂਗਾ	ਹੁੰਗਿਰਨਾ
ਜੈਂਡਣੀ	ਝੌਂਫੜਾ	ਝੀਂਗਰ	ਕੰਙਾਰ	ਕਿਉਂ
ਮੰਡਾਈ	ਮਾਂਜਾਰ	ਮੰਜਵਾਈ	ਮਨਹੀਯਾਂ	ਠੂੰਹਦਰ
ਓਂਗਲਾ	ਪੰਕਜ	ਪੰਜਵਾਂ	ਫੰਗੁਣ	ਸੋਂਹਦੀ

9.5 Sentences

ਮੈਂ ਉਸ ਪਿੰਡ ਦਾ ਨਾਮ ਨਹੀਂ ਜਾਣਦਾ।
ਮੈਂ ਪੰਜਾਬੀ ਬੋਲ ਸਕਦਾ ਹਾਂ।
ਚਿੰਤਾ ਹਰਿਕ ਨੂੰ ਹੈ ਤੇ ਖ਼ੁਸ਼ੀ ਵੀ ਹਰਿਕ ਨੂੰ ਹੈ।
ਮੈਂ ਵੀ ਜਾਂਦਾ ਹਾਂ।
ਇਸ ਭਾਈ ਨੂੰ ਸਹਿਰ ਪੁਚਾ ਦੇਉ।
ਮੈਂ ਇਸ ਭਾਈ ਨੂੰ ਨਰਾਜ਼ ਕਰਨ ਲਈ ਕੀ ਕੀਤਾ?
ਇਕ ਮਿੰਟ ਠਹਿਰ ਜਾਉ।
ਤੂੰ ਉਸਦਾ ਭਾਈ ਤਾਂ ਨਹੀਂ ?
ਥੈਲੇ ਵਿਚ ਕਿਤਾਬਾਂ ਹਨ।
ਅਸੀਂ ਤੁਹਾਨੂੰ ਪਛਾਣ ਨਹੀਂ ਲੈ ਗਏ।
ਇਹ ਮੁੰਡਾ ਢੀਠ ਹੈ।
ਉਸ ਮੁੰਦੇ ਨੂੰ ਕੰਮ ਕਰਨ ਦੀ ਬੜੀ ਲਗਣ ਸੀ।
ਗਾਂਧੀ ਜੀ ਪੋਰਬੰਦਰ ਵਿਚ ਪੈਦਾ ਹੋਏ।
ਮੂੰਹ ਹਨੇਰੇ ਹੀ ਨਾਨਕ ਲੰਮੀ ਸੈਰ ਤੇ ਚਲਾ ਜਾਂਦਾ ਸੀ।
ਸੈਨੂੰ ਕਿਥੇ ਲੈ ਜਾਣਗੇ?
ਇਹ ਘਰ ਬਚਿਆਂ ਦਾ ਹੈ।
ਤੈਨੂੰ ਵੇਖ ਕੇ ਮੈਨੂੰ ਨਾਨਕ ਯਾਦ ਆ ਗਿਆ।
ਹਾਂ, ਸੈਂ ਉਸਦਾ ਭਾਈ ਹਾਂ।
ਅਸੀਂ ਤੁਹਾਥੋਂ ਮਾਫ਼ੀ ਮੰਗਦੇ ਹਾਂ।
ਸਵਾਲਾਂ ਦੇ ਜਵਾਬ ਦੇਉ।

9.6 Vocabulary

ਅਸੀਂ	asĩ:	we
ਇਕ	ik	one
ਸ਼ਹਿਰ	šahir (šáir)	city (m.)
ਸਵਾਲ	sawa:l	question (m.)
ਸੈਰ	sair	walk, trip, tour (f.)
ਹਰਿਕ	harik	everyone
ਹਾਂ	hã:	am, (we) are, 1st. sg. & pl. pres. of ਹੋਣਾ
ਹਾਂ	hã:	yes
ਕੰਮ	kamm	work, deed (m.)
ਕਿਤਾਬ	kita:b	book (f.)
ਕਿਥੇ	kithe	whither?, where to?
ਖ਼ੁਸ਼ੀ	xuši:	happiness, pleasure (f.)

ਗਾਂਧੀ	ga:ndhi:(gá:ndi:)	Gandhi
ਚਲਾ ਜਾਣਾ	cala: ja:Na:	to go (away)
ਚਿੰਤਾ	cinta:	worry (f.)
ਜਵਾਬ	jawa:b	answer (m.)
ਜਾਣਨਾ	ja:Nna:	to know
ਠਹਿਰ ਜਾਣਾ	tahir (táir) ja:Na:	to stop, to wait
ਢੀਠ	Dhi:Th (Tì:Th)	impudent, fresh, shameless
ਤਾਂ	tã:	emphatic word ("by any chance?")
ਤੁਹਾਥੋਂ	tuha:thõ (tuà:thõ)	from or of you
ਤੁਹਾਨੂੰ	tuha:nũ: (tuà:nũ:)	to you, dative of ਤੁਸੀਂ (you)
ਤੂੰ	tũ:	thou
ਤੇ	te	for
ਤੇ	te	and
ਤੈਨੂੰ	tainũ:	to thee, dative of ਤੂੰ
ਥੈਲਾ	taila:	bag (m.)
ਨਹੀਂ	nahi: (naì:)	not, no
ਨਰਾਜ਼	nara:z	angry
ਨੂੰ	nũ:	to
ਪੰਜਾਬੀ	pañja:bi:	Panjabi language (f.)
ਪਛਾਣ ਲੈ ਜਾਣਾ	pacha:N lai ja:Na:	to recognize
ਪੁਚਾ ਦੇਣਾ	paca: deNa:	to lead, to take (someone)
ਪਿੰਡ	piND	village (m.)
ਪੈਦਾ ਹੋਣਾ	paida: hoNa:	to be born
ਪੋਰਬੰਦਰ	porbandar	Porbandar, a town in India
ਬਚਿਆਂ	baciã:	girls, children, post-positional form
ਬੜਾ	baRa:	very
ਭਾਈ	bha:i: (pà:i:)	brother, friend (m.)

ਮਾਫ਼ੀ	ma:fi:	forgiveness, pardon (f.)
ਮੰਗਣਾ	mangNa:	to ask, beg, demand
ਮੁੰਡਾ	muNDa:	boy (m.)
ਮੂੰਹ ਹਨੇਰੇ ਹੀ	mũ:h (mṹ:) hanere hi:	early in the morning
ਮਿੰਟ	miNT	minute (f.)
ਮੈਂ	mãi	I
ਮੈਨੂੰ	mainũ:	to me, dative of ਮੈਂ
ਲਈ	lai:	for
ਲਗਣ	lagaN	enthusiasm (f.)
ਲੰਮਾ	lamma:	long
ਲੈ ਜਾਣਾ		to take, to carry
ਯਾਦ	ya:d	memory, remembrance (f.)
ਯਾਦ ਆ ਜਾਣਾ		to remember
ਵੀ	vi:	also
ਵੇਖ ਕੇ	vekh ke	having seen (= ਵੇਖ ਕਰ)
ਵੇਖਣਾ	vekhNa:	to see

9.7 Writing Practice

u:NT
thinda:
kuaņg
ghaND
unhĩ:
phauNTa:
kolõ
duņgha:i:
tu:mba:
muNDa:sa:
gunda:
DuND
TuNDha:i:
khumbi:
gumbaz
baremã:

barañji:
asĩ:
DhuNDhNa:
khoñc
ba:nk
andeša:
dhũ:
khombi:
ba:ns
cuñj
ghi:ã:
niũ
asantokh
cuņg
ghãuh
pahuñca:

painta:li:	pañjauNa:	sarsõ	sĩ:
sindhu:	ti:ã:	unĩ:	undha:la:
vi:ũ	vilaŋgaN	sa:ns	santa:p
kaund	kaunsal	khaNDaN	joŋgla:
jaRyã:	hariND	haNDol	bhiNDu
bhãu	bañjh	baiNDa:	ajã:
ãinĩ:	dhauns	ghaŋga:	khuNDi:
laŋgu:r	lampaT	manã:	nã:
nã:h	pañjhi:	phi:ñci:	ronda:
odõ	nimbu:	mi:hĩ:	mu:ndh
laiŋk	kũ:	jhimmi:	jantu:
gõnglũ:	dha:Nã:	Dha:NDa:	dhanda:
chã:	chandak	boŋkri:	iksã:
inã:	jhã:wã:	bauŋga:	ba:yã:
aTaiŋk	a:ndRi:	dušaŋgar	ghara:ĩ:
jhumbi:	kurandi:	lenjh	lu:ĩ:
maNDHNa:	ma:NDwa:	mundRa:	narsõ
pachã:	pha:ŋk	sabha:ĩ:	taŋka:i:

UNIT X

OTHER SIGNS -- II

10.1 Special Consonant Signs: 'r' and 'h'

Unlike the Devanagari script, the Gurumukhi writing system does not utilize combinations of "half-letters" in writing consonant clusters, as we have seen in preceding chapters. The only apparent exceptions to this are the consonant signs '੍ਰ' and '੍ਹ', which are placed under other consonants in certain circumstances. It should be noted, however, that these signs in Panjabi do not in fact denote consonant clusters. Combinations of consonant +'r' are always pronounced in Panjabi with the intervening 'a' vowel; combinations of consonant + 'h' are pronounced as the consonant alone, the 'h' sign serving to denote the tone of adjacent vowels (see 0.21).

ਸ੍ਰ	šar	ਨ੍ਹ	nha (nà)
ਕ੍ਰ	kar	ਅਮ੍ਹ	amh (ám)
ਪ੍ਰ	par	ਉੜ੍ਹ	uRh (úR)

10.11 Writing Illustrations



10.2 Special Consonant Signs:'adhik'

The adhik is a sign written above and to the left of any consonant that is doubled and is always used to indicate doubling of a consonant, instead of writing the consonant twice as we do in English.

ਸੱਕਣਾ	sakkNa:	ਬੱਚਾ	bacca:

If the adhik occurs before a final consonant, the latter is pronounced as a single consonant:

ਸੱਕ	sakk (sak)	ਬੱਚ	bacc (bac)

A "voiced aspirate" doubled by adhik when medial is pronounced as a doubled unvoiced aspirate of the same articulation--the aspiration indicates the tone:

ਬੱਘੀ	bagghi: (bággi:)	ਲੱਭਤ	labbhat (lábbat)

When 'Rh' or 'rh' are preceded by adhik this serves merely to indicate the tone, as these sounds cannot be doubled (note that ਘੱ = ggh; ਭੱ = bbh; ੜ੍ਹੱ = RRh, etc., here):

ਪੱੜ੍ਹੀ	paRRhi: (páRi:)	ਵੱਰ੍ਹਾ	varrha: (vára:)

10.21 Writing Illustrations

ਸੱਚ ਟਿੱਕ ਮੱਘਾ

10.3 Reading Illustrations

ਜੜ੍ਹ	jaRh	ਕ੍ਰਮ	karam
ਗੱਡੀ	gaDDi:	ਬੁਲ੍ਹ	bulh
ਪੱਛਣਾ	pacchNa:	ਪ੍ਰੇਮ	parem
ਗੱਲ੍ਹ	gallh	ਬੰਨ੍ਹ	bannh
ਪ੍ਰਧਾਨ	pardha:n	ਦਿੱਤਾ	ditta:
ਦੱਦੀ	daddi:	ਸੱਸੂ	sassu:

10.4 Reading Practice

ਚੜ੍ਹ ਵੱਰ੍ਹਾ ਗੱਲ੍ਹ ਗ੍ਰੰਥ ਪ੍ਰੇਮ
ਗੱਡੀ ਰੱਖੀਂ ਬੁਲ੍ਹ ਹੱਖਾਂ ਬੰਨ੍ਹ
ਖੁਲ੍ਹਾ ਕੁੱਤਾ ਚੱਠ ਡੋਲ੍ਹ ਅੱਖ

ਕ੍ਰੋਧ ਉਨ੍ਹਾਂ ਥੱਲੇ ਬ੍ਰਿਛ ਸੱਪ
ਪ੍ਰੈਸ ਉੱਲੂ ਖੁਡ ਲੱਗਾ ਟੱਟੀ
ਦਿੱਤਾ ਅੱਧਾ ਗੁੱਸਾ ਤਰ੍ਹਾਂ ਪੁੱਤਰ

ਚੜ੍ਹਾਣਾ ਪੜ੍ਹਾਈ ਫੱਰਾਨ ਪ੍ਰਦੇਸ਼ੀ ਪ੍ਰਤੀਤ
ਬ੍ਰਹਮ ਕਿੱਲੀਆਂ ਬੱਚਿਆਂ ਸੁਲੱਗ ਅੱਖਰਾਂ
ਪ੍ਰਬੰਧ ਲੱਛਣ ਅੰਮ੍ਰਿਤ ਖੁਲ੍ਹਿਆ ਘੁੱਗੀਆਂ

ਵਰ੍ਹਿਆ ਠਰ੍ਹੀਆਂ ਆਲ੍ਹਣਾ ਮਨੁੱਖਾਂ ਚਿੱਟਿਆ
ਸੱਮਤ ਪ੍ਰਤਿਭਾ ਚਰ੍ਹੀਆਂ ਦੱਖਣ ਉੱਨਤ
ਸਾਹਿੱਤ ਮਿੱਤਰ ਮੁਰੱਬਾ ਪ੍ਰਸ਼ਨ ਸ਼੍ਰੀਮਾਨ

ਪ੍ਰਕਾਸਤ ਮੁਸਕ੍ਰਾਉਂਦਾ ਚੜ੍ਹਾਉਂਦਾ ਬਚਿੱਤਰ ਪੱਖਪਾਤ
ਮਹੱਤਵ ਪ੍ਰੋਗਰਾਮ ਮਨੁੱਖਤਾ ਸੰਸਕ੍ਰਿਤ ਪ੍ਰਿੰਸੀਪਲ
ਪਨਕੱਪੜਾ ਪੁਤੱਤਾ ਸਿੱਖਣਾ ਤੁੱਕੁਲ ਉੱਬਲਮਾ

ਵਿੱਗਮਾਂ ਵਿੱਸਰਣਾ ਸਾੜ੍ਹੀ ਸਲ੍ਹਾਬੀ ਪ੍ਰਵਾਰ
ਨਿਛਿੱਕਾ ਮੁੱਕਰਣਾ ਲੱਖੀ ਕੁੱਮਕਣ ਖਲ੍ਹਬਲੀ
ਗਿੱਟਕ ਗੋੱਡੀ ਦੁਕੱਲਾ ਧੱਸਣਾ ਦਾੱਨੋ

10.5 Sentences

ਇਹ ਕਿਸ ਤਰ੍ਹਾਂ ਹੋ ਸਕਦਾ ਹੈ ?
ਮੈਂ ਮੰਨ ਗਿਆ।
ਸਬਕ ਚੰਗੀ ਤਰ੍ਹਾਂ ਯਾਦ ਕੀਤਾ।
ਮੈਨੂੰ ਮੇਰੀ ਬੱਚੀ ਯਾਦ ਆਈ।
ਪੁੱਤਰ, ਤੂੰ ਕਿਥੋਂ ਆਇਆ ਏਂ?
ਤੁਸੀਂ ਸੱਦਾ ਭੇਜਿਆ ਤੇ ਅਸੀਂ ਆਏ।
ਮੇਰੀ ਗੱਲ ਮੰਨੋ।
ਗਰੀਬਾਂ ਨੂੰ ਦੁੱਖ ਨਾ ਦਿਉ।
ਗੁਰੂ ਨਾਨਕ ਸਿੱਖ ਧਰਮ ਦੇ ਪਹਿਲੇ ਗੁਰੂ ਹਨ।
ਕੋਈ ਪ੍ਰਮਾਣ ਦਿਉ।

ਤੈਨੂੰ ਨਹੀਂ ਪਤਾ।
ਤੁਹਾਡੀ ਜੁੱਤੀ ਟੁੱਟੀ ਹੈ।
ਇਸ ਗੱਲ ਨੇ ਮੈਨੂੰ ਉਦਾਸ ਕਰ ਦਿੱਤਾ।
ਆਪਣੀ ਗੱਲ ਪ੍ਰਗਟ ਨਹੀਂ ਕੀਤੀ।
ਅਸੀਂ ਨਹੀਂ ਜਾਵਾਂਗੇ।
ਮੇਰਾ ਸੱਜਾ ਹੱਥ ਦੁਖਦਾ ਹੈ।
ਮੰਦਰ ਵਿਚ ਟੱਲ ਵੱਜ ਰਿਹਾ ਹੈ।
ਤੁਹਾਡਾ ਪਿਤਾ ਕੀ ਕੱਮ ਕਰਦਾ ਹੈ।
ਉਹਦੇ ਘਰ ਪੁੱਤਰ ਹੋਇਆ ਹੈ।
ਤੁਸੀ ਤਾਂ ਸ਼ਾਸਤ੍ਰ ਦੇ ਪੰਡਤ ਹੋ।

10.6 Vocabulary

ਉਦਾਸ	uda:s	sad
ਏਂ	ẽ	(thou) art
ਆਇਆ ਏਂ		hast come, pres. perfect of ਆਉਣਾ
ਸੱਜਾ	sajja:	right
ਸੱਦਾ	sadda:	invitation, call (m.)
ਸਬਕ	sabak	lesson
ਸ਼ਾਸਤ੍ਰ	ša:štar	scriptures (m.)
ਸਿੱਖ	sikkh (sikh)	Sikh (m.)
ਹੱਥ	hatth (hath)	hand (m.)
ਹੋ ਸਕਦਾ ਹੈ		can be
ਕੱਮ		= ਕੰਮ
ਕਰ ਦੇਣਾ		to be done

ਕਿਸ	kis	whom? what? which?, post-positional of ਕੌਣ
ਕਿਥੋਂ	kithõ	from where?
ਗਰੀਬ	gari:b	poor, a poor man (m.)
ਗੱਲ	gall (gal)	talk, matter, thing (f.)
ਗੱਲ ਮੰਨਣਾ	gall mannaNa:	to agree, accept advice
ਚੰਗਾ	caŋga:	good
ਜਾਵਾਂਗੇ	ja:va:ŋge	future, 1st pl. of ਜਾਣਾ
ਜੁੱਤੀ	jutti:	shoe (f.)
ਟੱਲ	Tall (Tal)	a large bell (m.)
ਟੁੱਟਾ	TuTTa:	broken
ਤਰ੍ਹਾਂ	tarhã: (tarã̀:)	way, manner (f.)
ਤੁਸੀਂ	tusĩ:	you (nom. & instr.)
ਤੁਹਾਡਾ	tuha:Da: (tuà:Da:)	your, possessive of ਤੁਸੀਂ
ਤੈਨੂੰ ਨਹੀਂ ਪਤਾ		(lit: it is not known to thee) you don't know
ਦਿਤਾ	ditta:	gave, past absolute of ਦੇਣਾ
ਦੁੱਖ	dukkh (dukh)	pain (m.)
ਦੁੱਖਣਾ	dukkhaNa:	to ache
ਧਰਮ	dharam (tàram)	religion (m.)
ਨੇ	ne	post-position of agent ("by"), see Grammatical Appendix for use.
ਪੰਡਤ	paNDat	learned man (m.)
ਪਹਿਲਾ	pahila: (páila:)	first
ਪੁੱਤਰ	puttar	son (m.)
ਪਿਤਾ	pita:	father (m.)
ਪ੍ਰਗਟ	pargaT	expressed
ਪ੍ਰਮਾਣ	parma:N	proof (m.)

ਬੱਚੀ	bacci:	girl child, daughter (f.)
ਮੰਦਰ	mandar	temple (m.)
ਮੰਨਣਾ (ਮੱਨਣਾ)	mannaNa:	to obey, agree, acquiesce
ਮੰਨ ਜਾਣਾ		to agree
ਯਾਦ ਕਰਨਾ		to remember (trans.)
ਵੱਜਣਾ	vajjaNa:	to ring (intrans.)
ਵੱਜ ਰਿਹਾ ਹੈ	vajj riha: hai (vaj rêa: hai)	is ringing

NOTE: It is important to remember that Panjabi spelling, and indeed the Panjabi language, is not as fully standardized as is English, and that variation in the spelling of many words is common. This is particularly true of the presence or absence of doubled consonants and of the subscribed 'h', and of the alternate use of ੰ and ੱ to indicate the doubling of nasals. In the Glossary at the end of this book, the most frequent spelling variations will be found for the words used in the Reading Exercises.

UNIT XI

OTHER SIGNS -- III

11.1 The Panjabi numerals are written as follows:

1	2	3	4	5	6	7	8	9	0
੧	੨	੩	੪	੫	੬	੭	੮	੯	੦

11.2 The names of the Panjabi numerals are:

੧	ਇੱਕ (ਇਕ)	੨੧	ਇੱਕੀ	੪੧	ਇਕਤਾਲੀ
੨	ਦੋ	੨੨	ਬਾਈ	੪੨	ਬਿਆਲੀ
੩	ਤਿੰਨ (ਤ੍ਰੈ)	੨੩	ਤੇਈ	੪੩	ਤਰਤਾਲੀ
੪	ਚਾਰ	੨੪	ਚਵੀ	੪੪	ਚੁਤਾਲੀ
੫	ਪੰਜ	੨੫	ਪੰਝੀ	੪੫	ਪੈਂਤਾਲੀ
੬	ਛੇ (ਛੀ)	੨੬	ਛੱਬੀ	੪੬	ਛਿਤਾਲੀ
੭	ਸੱਤ	੨੭	ਸਤਾਈ	੪੭	ਸਤਾਲੀ
੮	ਅੱਠ	੨੮	ਅਠਾਈ	੪੮	ਅਠਤਾਲੀ
੯	ਨੌਂ (ਨਉਂ)	੨੯	ਉਨੱਤੀ	੪੯	ਉਨੰਜਾ
੧੦	ਦਸ	੩੦	ਤੀਹ	੫੦	ਪੰਜਾਹ
੧੧	ਯਾਰਾਂ	੩੧	ਇੱਕਤੀ	੫੧	ਇਕਵੰਜਾ
੧੨	ਬਾਰਾਂ	੩੨	ਬੱਤੀ	੫੨	ਬਵੰਜਾ
੧੩	ਤੇਰਾਂ	੩੩	ਤੇਤੀ	੫੩	ਤਰਵੰਜਾ
੧੪	ਚੌਦਾਂ	੩੪	ਚੌਤੀ	੫੪	ਚੁਰੰਜਾ
੧੫	ਪੰਦਰਾਂ	੩੫	ਪੈਂਤੀ	੫੫	ਪਰਵੰਜਾ
੧੬	ਸੋਲਾਂ	੩੬	ਛੱਤੀ	੫੬	ਛਿਵੰਜਾ (ਛਪੰਜਾ)
੧੭	ਸਤਾਰਾਂ	੩੭	ਸੈਂਤੀ	੫੭	ਸਤਵੰਜਾ
੧੮	ਅਠਾਰਾਂ	੩੮	ਅਠੱਤੀ	੫੮	ਅਠਵੰਜਾ
੧੯	ਉੱਨੀ	੩੯	ਉਨਤਾਲੀ	੫੯	ਉਨਾਹਠ
੨੦	ਵੀਹ	੪੦	ਚਾਲੀ	੬੦	ਸੱਠ

੬੧	ਇਕਾਹਠ	੭੪	ਚੁਹੱਤਰ	੮੭	ਸਤਾਸੀ
੬੨	ਬਾਹਠ	੭੫	ਪਛੱਤਰ	੮੮	ਅਠਾਸੀ
੬੩	ਤ੍ਰੇਹਠ	੭੬	ਛਿਹੱਤਰ	੮੯	ਉਨਾਨਵੇਂ
੬੪	ਚੌਹਠ	੭੭	ਸਤੱਤਰ	੯੦	ਨੱਵੇ (ਨੱਬੇ)
੬੫	ਪੈਂਹਠ	੭੮	ਅਠੱਤਰ	੯੧	ਇਕਾਨਵੇਂ
੬੬	ਛਿਆਹਠ	੭੯	ਉਨਾਸੀ	੯੨	ਬਾਨਵੇਂ
੬੭	ਸਤਾਹਠ	੮੦	ਅੱਸੀ	੯੩	ਤ੍ਰਿਆਨਵੇਂ
੬੮	ਅਠਾਹਠ	੮੧	ਇਕਾਸੀ	੯੪	ਚੁਰਾਨਵੇਂ
੬੯	ਉਨੱਤਰ	੮੨	ਬਿਆਸੀ	੯੫	ਪਚਾਨਵੇਂ
੭੦	ਸੱਤਰ	੮੩	ਤ੍ਰਿਆਸੀ	੯੬	ਛਿਆਨਵੇਂ
੭੧	ਇਕੱਤਰ	੮੪	ਚੁਰਾਸੀ	੯੭	ਸਤਾਨਵੇਂ
੭੨	ਬਹੱਤਰ	੮੫	ਪੰਜਾਸੀ	੯੮	ਅਠਾਨਵੇਂ
੭੩	ਤਿਹੱਤਰ	੮੬	ਛਿਆਸੀ	੯੯	ਨੜਿੱਨਵੇਂ
		੧੦੦	ਸੌ		
		੧੦੦੦	ਹਜ਼ਾਰ		
		੧੦੦ ੦੦੦	ਲੱਖ		
		੧੦ ੦੦੦ ੦੦੦	ਕਰੋੜ		

11.3 Punctuation in Panjabi follows the English conventions, except that the period is replaced, as you may already have noticed, by a vertical line: । In poetry two lines are used after a stanza or after each second line: ।।

11.4 Abbreviations are indicated by a colon (:), or sometimes by a period (.). Some common examples follow:

ਸ.	ਸਰਦਾਰ	"chief", "Mr. (used for Sikhs)"
ਮਾ:	ਮਾਸਟਰ	"teacher"
ਡਾ:	ਡਾਕਟਰ	"doctor"
ਐਮ. ਏ.		"M.A."

ਪ੍ਰੋ:	ਪ੍ਰੋਫੈਸਰ	"Professor"
ਡਾ: ਖਾ:	ਡਾਕ ਖਾਨਾ	"Post Office"

11.5 The present monetary system of India consists of ਰੁਪਈਏ (rupies), each divided into 100 ਨਵੇਂ ਪੈਸੇ (navẽ paise or literally, new pice). Prices and such are written as in English, with the figures for the number of rupies followed by a period and the number of 'navẽ paise,' as follows:

੧.੭੫	1.75	"one rupee, 75 new pice"

Until recently, however, the monetary system was slightly more complicated, and consisted of rupies divided into 16 annas, which were further divided into 12 pies. Sometimes rupies, annas and pies were written with dashes between the figures:

੧-੫	1-5	"one rupee, five annas"
੧-੫-੩	1-5-3	"one rupee, five annas, three pies"

One will often see, however, the following monetary transcription used, in which the anna contains 4 pice:

)|	1 pice	)||	2 pice	)|||	3 pice	-)	1 anna
=)	2 annas	≡)	3 annas	|)	4 annas	|-)	5 annas
|=)	6 annas	|≡)	7 annas	||)	8 annas	||-)	9 annas
||=)	10 annas	|≡)	11 annas	|||)	12 annas	|||-)	13 annas
|||=)	14 annas	|||≡)	15 annas	੧)	1 rupee		

For example:

੧ ।।)।।	੧-੮-੨	1-8-2
੪ ।-)।	੪-੫-੧	4-5-1
੭੨ =)।।।	੭੨-੨-੩	72-2-3

11.6 A system of lunar months is used in India and Pakistan. The names of the months in Panjabi are:

ਚੇਤ	March-April	ਅੱਸੂ	September-October
ਬਸਾਖ	April-May	ਕੱਤਕ	October-November
ਜੇਠ	May-June	ਮੱਘਰ	November-December
ਹਾੜ੍ਹ	June-July	ਪੋਹ	December-January
ਸਾਵਣ	July-August	ਮਾਘ	January-February
ਭਾਦੋਂ	August-September	ਫਗੁਣ/ਫੱਗਣ	February-March

Each month is divided into two fortnights, ਪੱਖ . The first is called ਵਦੀ ਪੱਖ , the second is called ਸੁਦੀ ਪੱਖ . Each day of the fortnight has a name, as follows:

ਏਕਮ	first day	ਨੌਮੀਂ	ninth day
ਦੂਜ	second day	ਦਸਵੀਂ	tenth day
ਤੀਜ	third day	ਏਕਾਦਸ਼ੀ	eleventh day
ਚੌਥ	fourth day	ਦੂਆਦਸ਼ੀ	twelfth day
ਪੰਚਮੀ	fifth day	ਤਰੋਦਸ਼ੀ	thirteenth day
ਛਟ	sixth day	ਚੌਦਸ਼	fourteenth day
ਸਤਮੀ	seventh day	ਅਮਾਵਸ	fifteenth day of ਵਦੀ ਪੱਖ.
ਅੱਠਮੀ	eighth day		
	ਪੂਰਨਮਾਸ਼ੀ	fifteenth day of ਸੁਦੀ ਪੱਖ , last day of the month, full moon day.	

PART 2

GRADED READINGS

UNIT I

ਲੂੰਬੜੀ ਤੇ ਕਾਂ *

ਇਕ ਲੂੰਬੜੀ ਸਵੇਰ ਸਾਰ ਸੁੱਤੀ ਉਠੀ। ਉਸ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਸ ਦੇ ਘਰ ਵਿਚ ਕੋਈ ਬਚੀ-ਖੁਚੀ ਹੱਡੀ ਨਹੀਂ ਸੀ। ਇਸ ਲਈ ਉਹ ਖੇਤਾਂ ਵਲ ਨੂੰ ਤੁਰ ਪਈ।

ਥੋੜੀ ਦੂਰ ਜਾ ਕੇ ਕੀ ਦੇਖਦੀ ਹੈ, ਇਕ ਕਾਂ ਦਰਖਤ ਤੇ ਬੈਠਾ ਸੀ। ਉਸ ਦੀ ਚੁੰਝ ਵਿਚ ਮਾਸ ਦੀ ਬੋਟੀ ਸੀ। ਲੂੰਬੜੀ ਦਾ ਜੀ ਉਹ ਬੋਟੀ ਖਾਣ ਨੂੰ ਕੀਤਾ। ਉਸ ਦੇ ਮੂੰਹ ਵਿਚ ਪਾਣੀ ਭਰ ਆਇਆ। ਪਰ ਉਹ ਬੋਟੀ ਉਸ ਨੂੰ ਕਿਸ ਤਰ੍ਹਾਂ ਮਿਲੇ? ਮੰਗੀ ਕਾਂ ਨੇ ਕਿਥੇ ਦੇਣੀ ਸੀ? ਸੋ ਉਸ ਨੇ ਇਕ ਢੰਗ ਸੋਚਿਆ।

ਕਹਿਣ ਲਗੀ, "ਭਾਈ ਕਾਵਾਂ, ਮੈ ਬਹੁਤ ਪੰਛੀ ਗਾਂਦੇ ਸੁਣੇ ਹਨ। ਘੁੱਗੀ ਵੀ ਸੁਣੀ, ਕੋਇਲ ਵੀ ਸੁਣੀ ਤੇ ਬੁਲਬੁਲ ਵੀ ਸੁਣੀ। ਪਰ ਜਿੰਨਾ ਮਿੱਠਾ ਤੇਰਾ ਰਾਗ ਹੈ ਹੋਰ ਕਿਸੇ ਦਾ ਨਹੀਂ।"

ਕਾਂ ਖੁਸ਼ੀ ਨਾਲ ਫੁਲਦਾ ਜਾ ਰਿਹਾ ਸੀ, ਲੂੰਬੜੀ ਸਮਝ ਗਈ ਕਿ ਦਾਉ ਚਲਣ ਲੱਗਾ ਹੈ। ਬੜੀ ਮਿੱਠੀ ਹੋ ਕੇ ਕਿਹਾ, "ਭਾਈ ਕਾਵਾਂ, ਇਕ ਦੋ ਬੋਲ ਸੁਣਾ ਜੋ ਦਿਲ ਖੁਸ਼ ਹੋ ਜਾਵੇ।"

ਕਾਂ ਫੁਲ ਕੇ ਭੜੋਲਾ ਹੋਇਆ ਬੈਠਾ ਸੀ। ਝੱਟ ਲੱਗਾ ਕਾਂ ਕਾਂ ਕਰਨ। ਬੋਟੀ ਉਸ ਦੀ ਚੁੰਝ ਵਿਚੋਂ ਧਰਤੀ ਤੇ ਡਿੱਗ ਪਈ। ਲੂੰਬੜੀ ਨੇ ਝੱਟ ਚੁਕ ਲਈ ਤੇ ਚਲਦੀ ਹੋਈ।

ਜਾਂਦੀ ਜਾਂਦੀ ਕਹਿ ਗਈ, "ਤੇਰਾ ਰਾਗ ਤਾਂ ਬਹੁਤ ਮਿਠਾ ਹੈ। ਪਰ ਇੱਕ ਤਾਂ ਤੇਰਾ ਗਲਾ ਬੈਠਾ ਹੋਇਆ ਹੈ, ਦੂਜੇ ਮੈਨੂੰ ਭੁਖ ਬਹੁਤ ਲੱਗੀ ਹੈ। ਕਿਸੇ ਦਿਨ ਫੇਰ ਤੇਰਾ ਰਾਗ ਸੁਣੂੰ।"

1.1 Idioms

ਉਸ ਨੂੰ ਭੁੱਖ ਲੱਗੀ ਹੋਈ ਸੀ।	She was hungry.
ਉਸ ਦਾ ਜੀ ਉਹ ਬੋਟੀ ਖਾਣ ਨੂੰ ਕੀਤਾ।	She wished to eat that piece of flesh.
ਉਸ ਦੇ ਮੂੰਹ ਵਿਚ ਪਾਣੀ ਭਰ ਆਇਆ।	Her mouth watered.
ਮੰਗੀ ਕਾਂ ਨੇ ਕਿਥੇ ਦੇਣੀ ਸੀ?	Will a crow give anything when asked for it?
ਦਾਉ ਚਲਣ ਲੱਗਾ ਹੈ।	The trick is succeeding.
ਫੁਲ ਕੇ ਭੜੋਲਾ ਹੋਣਾ।	To become very happy.
ਗਲਾ ਬੈਠਾ ਹੋਣਾ।	To be hoarse.

1.2 Vocabulary

ਸਮਝਣਾ	to understand
ਸਮਝ ਜਾਣਾ	to understand
ਸਵੇਰ ਸਾਰ	early in the morning
ਸੁੱਤੀ ਉਠੀ	woke up (having slept)
ਸੋ	therefore, so
ਸੋਚਣਾ	to think, think of
ਹੱਡੀ	bone (f.)
ਹੋਰ	other
ਕਹਿਣਾ	to say
ਕਾਂ	crow (m.)
ਕਾਂ ਕਾਂ ਕਰਨਾ	to crow
ਕਾਵਾਂ	oh crow!
ਕੋਇਲ	cuckoo (f.)
ਖੁਸ਼	happy
ਖੇਤ	field (m.)
ਗਲਾ	throat (m.)

ਘੁੱਗੀ	dove (f.)
ਚਲਦੀ ਹੋਣਾ	to run away
ਚੁਕਣਾ	to raise, lift
ਚੁਕ ਲੈਣਾ	to pick up
ਚੁੰਝ	beak (f.)
ਜਿੰਨਾ	as much as
ਜੀ ਕਰਨਾ	to wish, desire
ਜੋ	so that
ਝੱਟ	quickly, immediately
ਡਿੱਗਣਾ	to fall
ਡਿੱਗ ਪੈਣਾ	to fall down
ਢੰਗ	way (m.)
ਤੁਰਨਾ	to go, set out, walk
ਤੁਰ ਪੈਣਾ	to go, set out
ਤੇ	on, upon
ਥੋੜਾ	some, a little
ਦਰਖਤ	tree (m.)
ਦਾਉ	trick, deception (m.)
ਦਿਲ	heart (m.)
ਦੂਜੇ	secondly
ਦੂਰ	distance (f.)
ਦੇਖਣਾ	to see
ਧਰਤੀ	ground (f.)
ਪਈ	past absolute of ਪੈਣਾ (f.)
ਪਰ	but (conj.)
ਪੰਛੀ	bird (f.)
ਪੈਣਾ	to fall, happen

ਫੁਲਣਾ	to swell, puff up
ਫੇਰ	again, then
ਬਚਾ-ਖੁਚਾ	leftover
ਬੁਲਬੁਲ	nightingale (f.)
ਬੋਟੀ	a small piece of flesh (f.)
ਬੋਲ	word, line, stanza (m.)
ਬੈਠਣਾ	to sit
ਬੈਠਾ ਸੀ	was sitting
ਭੜੋਲਾ	grain bin (m.)
ਭੁੱਖ	hunger
ਮਾਸ	meat (m.)
ਮਿੱਠਾ	sweet
ਮਿਲਣਾ	to meet, to be obtained
ਮੂੰਹ	mouth (m.)
ਰਾਗ	tune, song, music (m.)
ਲਗਣਾ (ਲੱਗਣਾ)	to begin, to be attached, to happen, appear
ਲੂੰਬੜੀ	fox (f.)
ਵਲ (ਨੂੰ)	toward

1.3 Answer the following questions in Panjabi:

੧. ਲੂੰਬੜੀ ਕਦ ਸੁੱਤੀ ਉਠੀ?
੨. ਕੀ ਲੂੰਬੜੀ ਦੇ ਘਰ ਵਿਚ ਖਾਣ ਲ ਕੁਝ ਨਹੀਂ ਸੀ?
੩. ਤਾਂ ਲੂੰਬੜੀ ਨੇ ਕੀ ਕੀਤਾ?
੪. ਦਰਖਤ ਤੇ ਕੌਣ ਬੈਠਿਆ ਸੀ ?
੫. ਕਾਂ ਦੀ ਚੁੰਝ ਵਿਚ ਕੀ ਚੀਜ ਸੀ?
੬. ਮਾਸ ਦੀ ਬੋਟੀ ਵੇਖ ਕੇ ਲੂੰਬੜੀ ਨੇ ਕੀ ਸੋਚਿਆ?

੭. ਲੂੰਬੜੀ ਨੇ ਕਾਂ ਤੇ ਕੀ ਆਖਿਆ?
੮. ਕਾਂ ਨੇ ਲੂੰਬੜੀ ਦੀ ਗੱਲ ਸੁਣਕੇ ਕੀ ਸੋਚਿਆ?
੯. ਲੂੰਬੜੀ ਨੇ ਫੇਰ ਮਿੱਠੀ ਹੋਕੇ ਕੀ ਕਿਹਾ?
੧੦. ਬੋਟੀ ਕਿਥੇ ਡਿੱਗ ਪਈ?
੧੧. ਲੂੰਬੜੀ ਨੇ ਫੇਰ ਕੀ ਕੀਤਾ?
੧੨. ਜਾਂਦੀ ਜਾਂਦੀ ਲੂੰਬੜੀ ਕੀ ਕਹਿ ਗਈ?

1.4 Fill in the blanks:

੧. ਲੂੰਬੜੀ ਸਵੇਰੇ _____ ਉਠੀ ।
੨. ਉਸਨੂੰ _____ਲਗੀ ਹੈ।
੩. ਉਸਦੇ ਘਰ ਵਿਚ _____ ਨਹੀਂ।
੪. ਕਾਂ _____ ਤੇ ਬੈਠਾ ਹੈ।
੫. ਲੂੰਬੜੀ ਦੇ ਮੂੰਹ ਵਿਚ _____ ਆਇਆ।
੬. ਉਸਨੇ ਇਕ _____ ਸੋਚਿਆ।
੭. ਮੈ ਬਹੁਤ _____ਗਾਂਦੇ ਸੁਣੇ ਹਨ।
੮. ਜਿੰਨਾ _____ ਤੂੰ ਹੈ _____ ਨਹੀਂ।
੯. ਉਸਨੇ ਬੜਾ _____ ਹੋ ਕੇ ਕਿਹਾ।
੧੦. ਕਾਂ ਖੁਸ਼ੀ ਨਾਲ _____ ਜਾ ਰਿਹਾ ਸਾ।
੧੧. ਫੁਲਕੇ _____ ਹੋ ਗਿਆ।
੧੨. ਬੋਟੀ ਉਸਦੀ _____ ਧਰਤੀ _____ ਪਈ।
੧੩. ਕਿਸੇ ਦਿਨ ਫੇਰ _____ ।

1.5 Use the following idioms in your own sentences:

੧. ਮੂੰਹ ਵਿਚ ਪਾਣੀ ਭਰ ਆਉਣਾ
੨. ਖੁਸ਼ੀ ਨਾਲ ਫੁਲਣਾ
੩. ਫੁਲਕੇ ਭੜੋਲਾ ਹੋਣਾ
੪. ਗਲਾ ਬੈਠਾ ਹੋਣਾ

੫. ਕਿਸ ਤਰ੍ਹਾਂ
੬. ਭੁੱਖ ਲੱਗਣਾ
੭. ਦਾਉ ਚਲਣਾ

1.6 ਲੱਗਣਾ is used in the sense of "to begin to" with the contracted infinitive of verbs (ਕਹਿਣ ਲੱਗਣਾ, to begin to say, ਕਰਨ ਲੱਗਣਾ, to begin to do). Use the following in your own sentences and make up other sentences using other main verbs.

ਚਲਣ ਲੱਗਣਾ
ਬੋਲਣ ਲੱਗਣਾ
ਖਾਣ ਲੱਗਣਾ
ਜਾਣ ਲੱਗਣਾ

1.7 In the past, future, and imperative, when the completeness of the action is to be expressed, a compound form of the main verb is used. In this context, the second verb loses its original meaning. It is this verb which is conjugated, the main verb appearing in its stem form:

Imperfective		Perfective (Complete)	
ਭਰਨਾ	to fill	ਭਰ ਆਉਣਾ	to fill up
ਲੱਗਣਾ	to be attached	ਲੱਗ ਜਾਣਾ	to be attached
ਹੋਣਾ	to be	ਹੋ ਜਾਣਾ	to become
ਡਿੱਗਣਾ	to fall	ਡਿੱਗ ਪੈਣਾ	to fall down

Study the way in which these compounds are used in the reading, then make your own sentences.

1.8 The present participle of a verb, repeated twice, is frequently used in Panjabi in an adverbial sense, "while ____ing". Study the following and use them in your own sentences:

ਜਾਣਾ	to go	ਜਾਂਦਾ ਜਾਂਦਾ	while going (lit., going going)
ਖਾਣਾ	to eat	ਖਾਂਦਾ ਖਾਂਦਾ	while eating
ਗਾਉਣਾ	to sing	ਗਾਂਦਾ ਗਾਂਦਾ	while singing

---

*ਸੰਤ ਸਿੰਘ ਸੇਖੋਂ, ਪੰਜਾਬੀ ਸੰਖਾਵਲੀ ਨੰ: ੧, ਲੁਧਿਆਣਾ. ੬੫-੬੭.

UNIT II

ਏਕੇ ਦੀ ਬਰਕਤ *

ਇਕ ਸੀ ਬੁੱਢਾ। ਉਸ ਦੇ ਤਿੰਨ ਪੁੱਤਰ ਸਨ। ਉਹ ਸਦਾ ਆਪੋ ਵਿਚ ਲੜਦੇ ਝਗੜਦੇ ਰਹਿੰਦੇ ਸਨ। ਪਿਤਾ ਨੇ ਕਿਤਨੀ ਵਾਰੀ ਸਮਝਾਇਆ ਕਿ ਭਲਿਓ ਲੋਕੋ! ਆਪੋ ਵਿੱਚ ਮਿਲਾਪ ਰੱਖੋ, ਲੜੋ ਝਗੜੋ ਨਾ।ਪਰ ਉਹ ਉਸ ਦੀ ਮੱਤ ਵੱਲ ਕੋਈ ਧਿਆਨ ਨਹੀਂ ਸਨ ਦੇਂਦੇ।

ਕੁਝ ਸਮਾਂ ਪਾ ਕੇ ਬੁੱਢਾ ਬੀਮਾਰ ਹੋ ਗਿਆ। ਜਦੋਂ ਉਸ ਨੂੰ ਜੀਵਨ ਦੀ ਕੋਈ ਆਸ ਨਾ ਰਹੀ ਤਾਂ ਉਸ ਨੇ ਆਪਣੇ ਪੁੱਤਰਾਂ ਨੂੰ ਅਖ਼ੀਰੀ ਵਾਰ ਸੁਧਾਰਨ ਦੀ ਕੋਸ਼ਿਸ਼ ਕੀਤੀ। ਉਹ ਨੇ ਪਤਲੀਆਂ ਪਤਲੀਆਂ ਸੋਟੀਆਂ ਦੀ ਇੱਕ ਬੰਧੀ ਹੋਈ ਥੱਬੀ ਮੰਗਵਾਈ ਤੇ ਵਾਰੀ ਵਾਰੀ ਤਿੰਨਾਂ ਪੁੱਤਰਾਂ ਨੂੰ ਥੱਬੀ ਤੋੜਨ ਲ਼ਈ ਆਖਿਆ। ਤਿੰਨਾਂ ਨੇ ਹੀ ਆਪਣੇ ਵੱਲੋਂ ਪੂਰਾ ਜ਼ੋਰ ਲਾਇਆ ਪਰ ਕੋਈ ਵੀ ਸੋਟੀ ਨਾ ਟੁੱਟੀ। ਫੇਰ ਉਸ ਨੇ ਉਤ ਰੱਸੀ ਨੂੰ ਜਿਸ ਦੇ ਨਾਲ ਸੋਟੀਆਂ ਬੱਧੀਆਂ ਹੋਈਆਂ ਸਨ ਵੱਢ ਦਿੱਤਾ, ਤਾਂ ਇਕ ਇਕ ਅੱਡ ਅੱਡ ਸੋਟੀ ਉਨ੍ਹਾਂ ਨੂੰ ਦਿੱਤੀ ਤੇ ਤੋੜਨ ਲਈ ਆਖਿਆ। ਸਭ ਨੇ ਸਹਿਜੇ ਹੀ ਉਹ ਸੋਟੀਆਂ ਤੋੜ ਸੁੱਟੀਆਂ। ਇਹ ਵੇਖ ਕੇ ਬਾਬੇ ਨੇ ਪਿਆਰ ਨਾਲ ਪੁੱਤਰਾਂ ਨੂੰ ਆਖਿਆ, "ਵੇਖਿਆ ਜੇ ਮੇਰੇ ਬੱਚਿਓ।ਇਕੱਠੇ ਰਹਿਣ ਵਿਚ ਕਿਤਨੀ ਬਰਕਤ ਹੈ। ਜਦ ਤੋੜੀ ਸੋਟੀਆਂ ਇਕੱਠੀਆਂ ਸਨ, ਤੁਸੀਂ ਉਨ੍ਹਾਂ ਨੂੰ ਤੋੜ ਨਹੀਂ ਸੀ ਸਕੇ। ਜਦੋਂ ਅੱਡ ਅੱਡ ਹੋਈਆਂ , ਸਹਿਜੇ ਹੀ ਟੁੱਟ ਗਈਆਂ। ਇਸੇ ਤਰ੍ਹਾਂ ਜੇ ਤੁਸੀਂ ਇਕੱਠੇ ਮਿਲ ਕੇ ਰਹੋਗੇ ਤਾਂ ਕੋਈ ਤੁਹਾਡੀ ਹਵਾ ਵੱਲ ਵੀ ਨਹੀਂ ਵੇਖ ਸਕੇਗਾ। ਪ੍ਰੰਤੂ ਜੇ ਤੁਸੀਂ ਵੱਖੋ ਵੱਖ ਹੋ ਗਏ ਤੇ ਲੜਦੇ ਝਗੜਦੇ ਰਹੇ ਤਾਂ ਇਕ ਇਕ ਕਰ ਕੇ ਵੈਰੀ ਤੁਹਾਨੂੰ ਮਾਰ ਮੁਕਾਉਣਗੇ।" ਇਸ ਗੱਲ ਤੋਂ ਉਨ੍ਹਾਂ ਤਿੰਨਾਂ ਨੂੰ ਮੱਤ ਆ ਗਈ ਤੇ ਉਨ੍ਹਾਂ ਨੇ ਪ੍ਰੇਮ ਪਿਆਰ ਨਾਲ ਰਹਿਣ ਦਾ ਪ੍ਰਣ ਕੀਤਾ।

2.1 Phrases

ਕੁਝ ਸਮਾਂ ਪਾ ਕੇ	after some time
ਉਹ ਲੜਦੇ ਝਗੜਦੇ ਸਨ।	they were always quarreling
ਉਸ ਨੇ ਕੋਈ ਵੀ ਨਾ ਟੁੱਟੀ।	they didn't even break one
ਇਕ ਇਕ ਕਰਕੇ	one by one
ਜੇ ਤੁਸੀਂ ਵੱਖੋ ਵੱਖ ਹੋ ਗਏ।	if you become disunited
ਕੋਈ ਤੁਹਾਡੀ ਹਵਾ ਵੱਲ ਵੀ ਨਹੀਂ ਵੇਖ ਸਕੇਗਾ।	no one will even think of harming you

2.2 Vocabulary

ਅਖ਼ੀਰੀ	last, ultimate
ਅਖ਼ੀਰੀ ਵਾਰ	for the last time
ਅੱਡ	separate (adj.)
ਆਸ	hope (f.)
ਆਪੋ ਵਿਚ	among themselves
ਇਸੇ ਤਰ੍ਹਾਂ	thus, in that way
ਇਕੱਠਾ	united
ਏਕਾ	unity(m.)
ਉਨ੍ਹਾਂ ਨੂੰ	to them
ਸਹਿਜੇ ਹੀ	very easily
ਸੱਕਣਾ (ਸਕਣਾ)	to be able
ਸਦਾ	always
ਸਮਝਾਉਣਾ	to explain, make (someone) understand
ਸਮਾਂ	time (m.)
ਸੁੱਟਣਾ	to throw
ਸੁਧਾਰਨਾ	to reform
ਸੋਟੀ	stick (f.)
ਹਵਾ	wind, air (f.)

ਕਿ	that (conj.)
ਕਿਤਨਾ	how much?
ਕਿਤਨੀ ਵਾਰੀ	so many times, time and again
ਕੋਸ਼ਿਸ	effort, attempt (f.)
ਜਦੋਂ	when
ਜਿਸ	post-positional of ਜੋ
ਜੀਵਨ	life (m.)
ਜੇ	if
ਜ਼ੋਰ	strength
ਝਗੜਨਾ	to quarrel
ਟੁੱਟਣਾ	to break (intr.)
ਤਾਂ	then
ਤਿੰਨਾਂ	post-positional pl.of ਤਿੰਨ
ਤੁਹਾਡਾ	your, possessive of ਤੁਸੀ
ਤੋੜਨਾ	to break (trans.)
ਤੋੜ ਸੁੱਟਣਾ	to break (trans.)
ਥੱਬੀ	a small heap (f.)
ਧਿਆਨ	attention (m.)
ਪਤਲਾ	thin
ਪ੍ਰਣ	determination, resolution (m.)
ਪ੍ਰੰਤੂ	but
ਪ੍ਰੇਮ	love (m.)
ਪਾ	past absolute of ਪੈਣਾ (m.)
ਪਿਆਰ	love (m.)
ਪੂਰਾ	entire, whole
ਬੰਧਾ	past participle of ਬੰਨ੍ਹਣਾ (to be tied)
ਬਰਕਤ	blessing (f.)

ਬਾਬਾ	father (m.)
ਬੁੱਢਾ	old man (m.)
ਭਲਾ	good, well
ਭਲਿਓ	vocative pl. of ਭਲਾ
ਮੰਗਵਾਉਣਾ	to cause (something) to be asked for
ਮੱਤ	advice, counsel (f.)
ਮੱਤ ਆ ਜਾਣਾ	to come to mind
ਮਾਰਨਾ	to beat, kill
ਮਾਰ ਮੁਕਾਓਣਾ	to destroy
ਮਿਲਾਪ	harmony, unity, agreement, concord (m.)
ਮੁਕਾਓਣਾ	to end, to finish (trans.)
ਰੱਸੀ	rope (f.)
ਰਹਿਣਾ	to remain, live, continue (used to form pres. & past continuous tenses)
ਰੱਖਣਾ	to keep, put
ਲੜਨਾ	to fight
ਲਾਉਣਾ	to apply, use, engage
ਵੱਖ	separate, apart
ਵੱਢਣਾ	to cut
ਵੱਢ ਦੇਣਾ	to cut
ਵੱਲ	= ਵਲ
ਵੱਲੋਂ	by, from the direction of
ਵਾਰ	time, turn (f.)
ਵਾਰੀ	time, turn (f.)
ਵਾਰੀ ਵਾਰੀ	one by one
ਵਿੱਚ	= ਵਿਚ
ਵੈਰੀ	enemy (m.)

2.3 Answer the following questions in Panjabi:

੧. ਬੁੱਢੇ ਦੇ ਕਿਤਨੇਪੁੱਤਰ ਸਨ?
੨. ਉਹ ਸਦਾ ਕੀ ਕਰਦੇ ਰਹਿੰਦੇ ਸਨ?
੩. ਪਿਤਾ ਨੇ ਉਨ੍ਹਾਂ ਨੂੰ ਕੀ ਸਮਝਾਇਆ?
੪. ਉਨ੍ਹਾ ਨੇ ਪਿਤਾ ਦੀ ਗੱਲ ਸੁਣਕੇ ਕੀ ਕੀਤਾ?
੫. ਪਿਤਾ ਨੇ ਅਖੀਰੀ ਵਾਰ ਸੁਧਾਰਨ ਦੀ ਕੋਸ਼ਿਸ਼ ਕਦ ਕੀਤੀ?
੬. ਉਸਨੇ ਕੀ ਮੰਗਵਾਇਆ?
੭. ਬੁੱਢੇ ਨੇ ਵਾਰੀ ਵਾਰੀ ਪੁੱਤਰਾਂ ਨੂੰ ਕੀ ਆਖਿਆ?
੮. ਕੀ ਪੁੱਤਰ ਬੰਧੀ ਹੋਈ ਥੱਬੀ ਟੁੱਟੀ?
੯. ਫੇਰ ਬੁੱਢੇ ਨੇ ਕੀ ਕੀਤਾ?
੧੦. ਕੀ ਪੁੱਤਰਾਂ ਨੇ ਅੱਡ ਅੱਡ ਸੋਟੀ ਤੋੜ ਸੁੱਟੀ?
੧੧. ਇਹ ਦੇਖਕੇ ਪਿਤਾ ਨੇ ਪੁੱਤਰਾਂ ਨੂੰ ਕੀ ਆਖਿਆ?
੧੨. ਇਹ ਗੱਲ ਤੇ ਕੀ ਸਬਕ ਮਿਲਦਾ ਹੈ ?

2.4 Use the phrases in 2.1 in your own sentences.

2.5 Many words in Panjabi are repeated twice for emphasis or to give a different meaning, for example:

ਵਾਰੀ time, turn   ਵਾਰੀ ਵਾਰੀ one by one

Find other words used like this in the reading and use them in sentences.

Sometimes a word, instead of being repeated like this, will be used with a nonsense word, or with another word of the same meaning. Learn the following and use them in your own sentences:

ਸਵੇਰ ਸਾਰ   ਬਚੀ ਖੁਚੀ   ਲੜਨਾ ਝਗੜਨਾ

2.6 is used with the stem of the verb to mean "having ____", or "after ____ing", for example:

ਜਾ ਕੇ	after going	ਸੁਣ ਕੇ	after hearing

Find other examples in the reading and use them in your own sentences.

2.7 ਰਹਿਣਾ is used with the present participle to show habitual action, as ਲਿਖਦਾ ਰਹਿੰਦਾ ਸੀ , "he was in the habit of writing," "he used to write continually". The main verb is unchanged regardless of the tense of ਰਹਿਣਾ ; it is inflected as usual according to gender and number (see Grammatical Appendix) Use the following verbs in this construction, in your own sentences:

ਲੜਣਾ ਸੁੱਟਣਾ ਸੋਚਣਾ ਆਖਣਾ

2.8 The verb ਸੱਕਣਾ or ਸਕਣਾ means "to be able". It is used with the stem of a verb, as follows:

ਉਹ ਜਾ ਸਕਦਾ ਹੈ	he can go (he may go)
ਉਹ ਲਿਖ ਸਕੇ	they could write (they were permitted to write)

Make your own sentences using other verbs in this construction.

2.9 Fill in the blanks:

੧. ਉਹ ——— ਰਹਿੰਦੇ ਸਨ।
੨. ਪਿਤਾ ——— ਕਿਤਨੀ ——— ਸਮਝਾਇਆ।

੩. ਉਸ ——— ਤਿੱਨ ——— ਸਨ।
੪. ——— ਵਿੱਚ ਮਿਲਾਪ ———।
੫. ——— ਮੱਤ ਵੱਲ ਕੋਈ ਧਿਆਨ ——— ——— ———।
੬. ——— ਸਮਾਂ ——— ਉਹ ਬੀਮਾਰ ———।
੭. ਉਹ ਨੇ ——— ਪੁੱਤਰਾਂ ਨੂੰ ——— ਦੀ ਕੋਸ਼ਿਸ਼ ———।
੮. ਉਹ ਨੇ ——— ਸੋਟਿਆਂ ਦੀ ——— ਮੰਗਵਾਈ।
੯. ਵਾਰੀ ——— ਤਿੰਨਾਂ ਪੁੱਤਰਾਂ ——— ਲਈ ਆਖਿਆ।
੧੦. ——— ਵੀ ਸੋਟੀ ਨਾ ———।
੧੧. ਸਭ ਨੇ ——— ਉਹ ——— ਤੋੜ ———।
੧੨. ਜੇ ਤੁਸੀ ——— ਰਿਹੇ ——— ਵੈਰੀ ਤੁਹਾਨੂੰ ———।
੧੩. ਇਸ ਗੱਲ ਤੇ ਉਨ੍ਹਾਂ ਨੂੰ ਮੱਤ ———।
੧੪. ਪਿਆਰ ——— ਰਹਿਣ ——— ਪ੍ਰਣ ———।

---

*ਬਲਵੰਤ ਸਿੰਘ ਚਤਰਥ, ਬਾਲ ਕਹਾਣੀਆਂ, ਭਾਗ ੧, ਜਾਲੰਧਰ, ੨੩-੨੪.

UNIT III

ਸਮੇਂ ਦੀ ਸੂਝ *

ਕਿਸੇ ਜੰਗਲ ਵਿਚ ਇਕ ਸ਼ੇਰ ਰਹਿੰਦਾ ਸੀ। ਇਕ ਦਿਨ ਭਟਕਣ ਤੇ ਵੀ ਉਸ ਦੇ ਹੱਥ ਕੋਈ ਸ਼ਿਕਾਰ ਨਾ ਲੱਗਾ। ਸੂਰਜ ਡੁੱਬਣ ਦੇ ਸਮੇਂ ਭੁੱਖਾ ਤਿਹਾਇਆ ਉਹ ਇਕ ਗੁਫ਼ਾ ਦੇ ਕੋਲ ਪੁੱਜਾ ਅਤੇ ਉਸ ਵਿਚ ਵੜ ਕੇ ਸੋਚਣ ਲੱਗਾ--ਰਾਤ ਨੂੰ ਇਸ ਵਿਚ ਕੋਈ ਨਾ ਕੋਈ ਜਾਨਵਰ ਜ਼ਰੂਰ ਆਵੇਗਾ। ਏਸ ਲਈ ਏਥੇ ਛਿਪ ਕੇ ਬੈਠਦਾ ਹਾਂ, ਜਦੋਂ ਉਹ ਜਾਨਵਰ ਆਵੇਗਾ ਉਸ ਨੂੰ ਮਾਰ ਕੇ ਅੱਜ ਦਾ ਗੁਜ਼ਾਰਾ ਕਰਾਂਗਾ।

ਥੋੜ੍ਹੇ ਚਿਰ ਪਿਛੋਂ ਗੁਫ਼ਾ ਵਿਚ ਰਹਿਣ ਵਾਲਾ ਗਿੱਦੜ ਆਇਆ। ਉਸ ਨੇ ਡਿਠਾ ਕਿ ਗੁਫ਼ਾ ਦੇ ਬਾਹਰ ਸ਼ੇਰ ਦੇ ਨਿਸ਼ਾਨ ਹਨ। ਧਿਆਨ ਨਾਲ ਦੇਖਿਆਂ ਉਸਨੂੰ ਜਾਪਿਆ ਕਿ ਪੈਰਾਂ ਦੇ ਨਿਸ਼ਾਨ ਅੰਦਰ ਵੱਲ ਗਏ ਹਨ, ਪਰ ਬਾਹਰ ਵੱਲ ਨਹੀਂ ਨਿਕਲੇ। ਇਸ ਤੋਂ ਓਸਨੂੰ ਸ਼ੱਕ ਹੋਇਆ ਕਿ ਸ਼ੇਰ ਕਿਧਰੇ ਗੁਫ਼ਾ ਦੇ ਅੰਦਰ ਹੀ ਨਾ ਬੈਠਾ ਹੋਵੇ? ਉਸ ਨੇ ਸੋਚਿਆ ਇਸ ਦਾ ਕਿਵੇਂ ਨਿਸ਼ਚਾ ਕੀਤਾ ਜਾਵੇ? ਅੰਤ ਵਿਚ ਉਸਨੂੰ ਇਕ ਉਪਾਉ ਸੁਝ ਗਿਆ। ਉਹ ਗੁਫ਼ਾ ਨੂੰ ਸੰਬੋਧਨ ਕਰਕੇ ਕਹਿਣ ਲੱਗਾ--"ਨੀ ਗੁਫ਼ਾ ਅਗੇ ਤਾਂ ਤੂੰ ਮੈਨੂੰ ਦੂਰੋਂ ਹੀ ਆਉਂਦਿਆਂ ਦੇਖ ਕੇ ਸੱਦਿਆ ਕਰਦੀ ਸੈਂ, ਅੱਜ ਚੁੱਪ ਕਿਉਂ ਹੈਂ? ਜੇ ਤੂੰ ਨਹੀਂ ਬੁਲਾਏਂਗੀ ਤਾਂ ਮੈਂ ਕਿਧਰੇ ਦੂਜੀ ਥਾਂ ਚਲਾ ਜਾਵਾਂਗਾ।"

ਗੁਫ਼ਾ ਵਿਚ ਬੈਠਾ ਸ਼ੇਰ ਇਹ ਸੁਣ ਕੇ ਸੋਚਣ ਲੱਗਾ--ਸ਼ਾਇਦ ਇਹ ਗੁਫ਼ਾ ਹਰ ਰੋਜ਼ ਬੁਲਾਂਦੀ ਹੋਵੇਗੀ। ਅੱਜ ਮੇਰੇ ਡਰ ਨਾਲ ਚੁੱਪ ਹੈ। ਖ਼ੈਰ, ਇਹ ਨਹੀਂ ਬੋਲਦੀ ਤਾਂ ਮੈਂ ਹੀ ਇਸਨੂੰ ਬੁਲਾਂਦਾ ਹਾਂ। ਇਹ ਸੋਚ ਕੇ ਸ਼ੇਰ ਬੋਲਿਆ--ਮਿਤਰ, ਮੈਂ ਤੇਰੀ ਬੜੇ ਚਿਰ ਤੋਂ ਉਡੀਕ ਕਰ ਰਹੀ ਹਾਂ, ਅੱਜ ਤੂੰ ਏਨਾ ਚਿਰ ਕਿਉਂ ਲਗਾਇਆ ਹੈ?

ਸ਼ੇਰ ਦੀ ਆਵਾਜ਼ ਸੁਣਦੇ ਸਾਰ ਹੀ ਗਿੱਦੜ ਇਹ ਕਹਿ ਕੇ ਓਥੋਂ ਭਜ ਗਿਆ ਕਿ ਇਸ ਜੰਗਲ ਵਿਚ ਰਹਿੰਦੇ ਹੋਇਆਂ ਮੈਂ ਬੁੱਢਾ ਹੋ ਗਿਆ ਹਾਂ, ਪਰ ਮੈਂ ਗੁਫ਼ਾ ਨੂੰ ਕਦੇ ਬੋਲਦਿਆਂ ਨਹੀਂ ਸੁਣਿਆ'

3.1 Phrases:

ਸਮੇਂ ਦੀ ਸੂਝ	timely presence of mind
ਸੂਰਜ ਡੁੱਬਣ ਦੇ ਸਮੇਂ	at sunset
ਕੋਈ ਨਾ ਕੋਈ	someone or other
ਸ਼ੇਰ ਕਿਧਰੇ ਗੁਫ਼ਾ ਦੇ ਅੰਦਰ ਹੀ ਨਾ ਬੈਠਾ ਹੋਵੇ?	could it be that a lion is sitting in the cave?
ਤੂੰ ਏਨਾ ਚਿਰ ਕਿਉਂ ਲਗਾਇਆ ਹੈ?	why hast thou taken so long?

3.2 Vocabulary

ਅਗੇ (ਅੱਗੇ)	before
ਅੱਜ	today
ਅੰਤ	end (m.)
ਅਤੇ	and
ਅੰਦਰ	inside
ਆਵਾਜ਼	voice (f.)
ਆਵੇਗਾ	will come, future sg. m. of ਆਉਣਾ
ਏਸ ਲਈ	for this reason, therefore
ਏਥੇ	here
ਏਨਾ	so much, that much
ਉਡੀਕ	expectation, waiting for (f.)
ਉਡੀਕ ਕਰਨਾ	to await
ਉਥੋਂ	thence, from there
ਉਪਾਉ	remedy, expedient (m.)
ਸ਼ੱਕ	suspicion (m.)
ਸੰਬੋਧਨ ਕਰਨਾ	to address
ਸੱਦਣਾ	to call
ਸਮੇਂ	= ਸਮਾਂ

ਸ਼ਾਇਦ	perhaps
ਸਾਰਾ	whole, entire
ਸ਼ਿਕਾਰ	prey (m.)
ਸੁਝਣਾ	to be visible, seen, perceived
ਸੁਣਦੇ ਸਾਰ ਹੀ	immediately on hearing
ਸੂਝ	sight, perception, vision (f.)
ਸੂਰਜ	sun (m.)
ਸ਼ੇਰ	lion (m.)
ਸੈਂ	= ਸੀ, ਸਾ
ਹੱਥ ਲੱਗਣਾ	to obtain
ਹਰ	every
ਹੈਂ	= ਏਂ
ਕਦੇ	sometime
ਕਦੇ ਨਹੀਂ	never
ਕਿਉਂ	why?
ਕਿਧਰੇ	somewhere
ਕਿਵੇਂ	somehow
ਖ਼ੈਰ	well!
ਗਿੱਦੜ	jackal (m.)
ਗੁਜ਼ਾਰਾ ਕਰਨਾ	to get along with difficulty, just manage to live
ਗੁਫ਼ਾ	cave (f.)
ਚਿਰ	time, a long time (m.)
ਚੁੱਪ	quiet
ਛਿਪਣਾ	to hide (intr.)
ਜੰਗਲ	forest, wood (m.)
ਜਾਪਣਾ	to become known
ਡਰ	fear (m.)

ਡਿਠਾ (ਡਿੱਠਾ)	saw, past absolute of ਦੇਖਣਾ
ਡੁੱਬਣਾ	to sink
ਤਿਹਾਇਆ	thirsty
ਤੇ ਵੀ	even after
ਤੋਂ	from
ਥਾਂ	place (f.)
ਥੋੜ੍ਹਾ	= ਥੋੜਾ
ਦਿਨ	day (m.)
ਦੂਰੋਂ	from afar
ਨਿਸ਼ਚਾ ਕਰਨਾ	to make sure
ਨਿਸ਼ਾਨ	sign, prints (m.)
ਨਿਕਲਣਾ	to come out
ਨੀ	oh!
ਪਿਛੋਂ	after
ਪੁੱਜਣਾ	to reach
ਪੈਰ	foot (m.)
(ਦੇ) ਬਾਹਰ	outside of
ਬੁਲਾਉਣਾ	to call, invite
ਬੋਲਦਿਆਂ	speaking
ਭਜ ਜਾਣਾ	to run away
ਭਟਕਣਾ	to wander
ਭੁੱਖਾ	hungry
ਮਿਤਰ	friend (m.)
ਰਹਿਣ ਵਾਲਾ	inhabitant (m.)
ਰਾਤ	night (f.)

ਰੋਜ਼	day (m.)
ਲਗਾਉਣਾ	to employ, use
ਵੜਨਾ	to enter

3.3 Answer the following questions in Panjabi:

੧. ਸ਼ੇਰ ਕਿਥੇ ਰਹਿੰਦਾ ਸੀ?

੨. ਸੂਰਜ ਡੁੱਬਣ ਦੇ ਸਮੇਂ ਉਹ ਕਿਥੇ ਪੁਜਾ?

੩. ਗੁਫ਼ਾ ਵਿੱਚ ਵੜ ਕੇ ਉਹ ਕੀ ਖੋਚਣ ਲੱਗਾ?

੪. ਗੁਫ਼ਾ ਵਿੱਚ ਰਹਿਣ ਵਾਲਾ ਕੌਣ ਸੀ?

੫. ਉਸ ਨੂੰ ਕੀ ਸ਼ੱਕ ਹੋਇਆ?

੬. ਗੁਫ਼ਾ ਵਿੱਚ ਸ਼ੇਰ ਹੈ, ਇਹ ਸੋਚ ਕੇ ਉਸ ਨੇ ਕੀ ਕੀਤਾ?

੭. ਗਿੱਦੜ ਦੀ ਗੱਲ ਸੁਣ ਕੇ ਸ਼ੇਰ ਨੇ ਕੀ ਸੋਚਿਆ?

੮. ਸ਼ੇਰ ਦੀ ਆਵਾਜ਼ ਸੁਣ ਕੇ ਗਿੱਦੜ ਨੇ ਕੀ ਆਖਿਆ

3.4 Fill in the blanks:

੧. ______ਜੰਗਲ ਵਿੱਚ ______ ਰਹਿੰਦਾ ਸੀ।

੨. ਸਾਰਾ ਦਿਨ ——ਤੇ ਵੀ ਉਸਦੇ —— ਕੋਈ ——ਲੱਗਾ ।

੩. ਸੂਰਜ —— ਦੇ ਸਮੇਂ ਮੈਂ —— ਹਾਂ ।

੪. ਉਹ ਇਕ —— ਦੇ ਕੋਲ ——।

੫. ਏਥੇ—— ਕੇ ਬੈਠਦਾ ——।

੬. ਉਸਨੂੰ ਮਾਰ —— ਅੱਜ ਦਾ —— ਕਰਾਂਗਾ ।

੭. —— ਪਿਛੋਂ ਗਿੱਦੜ ਆਇਆ ।

੮. ਗੁਫ਼ਾ ਦੇ ਬਾਹਰ —— ਪੈਰਾਂ ਦੇ —— ਹਨ ।

੯. ਧਿਆਨ —— ਦੇਖਿਆ ।

੧੦. —— ਸ਼ੱਕ ਹੋਇਆ ।

੧੧. ਇਸਦਾ ——ਨਿਸ਼ਚਾ —— ਜਾਵੇ ।

੧੨. ਜੇ ਤੂੰ ਨਹੀਂ _____ _____ ਸੈਂ ਦੂਜੀ _____ _____।
੧੩. ਇਹ ਸੁਣ _____ ਉਹ _____ ਲੱਗਾ।
੧੪. ਗੁੜ੍ਹਾ ਠੋ ਕਦੇ _____ ਨਹੀਂ ਸੁਣਿਆ।

3.5 Use the following phrases in your own sentences:

ਭਟਕਣ ਤੇ ਵੀ
ਸ਼ਿਕਾਰ ਹੱਥ ਲੱਗਣਾ
ਭੱਖਾ - ਤਿਹਾਇਆ
ਕੋਈ ਨਾ ਕੋਈ
ਗੁਜ਼ਾਰਾ ਕਰਨਾ
ਆਵਾਜ਼ ਸੁਣਦੇ ਸਾਰ ਹੀ

3.6 ਵਾਲਾ is used after the contracted infinitive to make a noun indicating the actor. It roughly corresponds to the English suffix "___-er".

ਰਹਿਣਾ	to live	ਰਹਿਣ ਵਾਲਾ	one who lives, inhabitant

Make nouns using ਵਾਲਾ with the other verbs in the reading.

3.7 Find the compound post-positions (like ਦੇ ਬਾਹਰ) in the reading and use them in your own sentences.

* ਰਾਕੇਸ਼, ਨੀਤੀ ਦੀਆਂ ਕਹਾਣੀਆਂ, ਪਹਿਲਾ ਭਾਗ, ਜਲੰਧਰ, ੩੦-੩੨.

UNIT IV

ਇਨਸਾਨ ਬਣ

ਗੁਰਮੁਖ ਸਿੰਘ 'ਮੁਸਾਫ਼ਰ'

ਚੰਗੇ ਪਦਾਰਥ ਪਾਲ ਤਨ ਨੂੰ,
ਰਿਸ਼ਟ – ਪੁਸ਼ਟ ਜਵਾਨ ਬਣ ।
ਸਿੱਖ ਕਰਤਬ ਜੰਗ ਵਾਲੇ,
ਸੂਰਮਾ ਬਲਵਾਨ ਬਣ ।
ਪਾ ਉਚੇਰੀ ਵਿੱਦਿਆ ਤੂੰ,
ਜਗ ਵਿੱਚ ਵਿਦਵਾਨ ਬਣ ।
ਕਰ ਪ੍ਰਾਪਤ ਹੁਨਰ ਸਾਰੇ,
ਹੋ ਨਿਪੁਣ ਗੁਣਵਾਨ ਬਣ ।

ਕਰ ਕਮਾਈ ਰੋਕ ਨਾਹੀਂ,
ਲਖ-ਪਤੀ ਧਨਵਾਨ ਬਣ ।
ਪਾ ਵਧੇਰਾ ਮਾਣ ਇੱਜ਼ਤ,
ਕੌਮ ਦੀ ਤੂੰ ਸ਼ਾਨ ਬਣ ।
ਸਿੱਖ, ਜੈਨੀ, ਪਾਰਸੀ,
ਹਿੰਦੂ ਜਾਂ ਮੁਸਲਮਾਨ ਬਣ ।
ਬਣ, ਜੋ ਮਰਜ਼ੀ ਹੈ ਸੋ ਬਣ,
ਇਨਸਾਨ, ਪਰ ਇਨਸਾਨ ਬਣ।

4.1 Vocabulary

ਇੱਜ਼ਤ	honor (f.)
ਇਨਸਾਨ	human being (m.)
ਸ਼ਾਨ	dignity (f.)
ਸਿੱਖ	= ਸਿੱਖ ਕੇ
ਸਿੱਖਣਾ	to learn
ਸੂਰਮਾ	brave
ਸੋ	that (pron.)
ਹਿੰਦੂ	Hindu (m.)
ਹੁਨਰ	art, skill (m.)
ਕਮਾਈ	earning (f.)
ਕਰਤਬ	work, achievement (m.)
ਕਰ ਪ੍ਰਾਪਤ	= ਪ੍ਰਾਪਤ ਕਰ ਕੇ
ਕੌਮ	race, nation (f.)
ਗੁਣਵਾਨ	virtuous
ਜੰਗ	war, fight, battle (m.)
ਜਗ	world (m.)
ਜਵਾਨ	young, youthful
ਜੈਨੀ	Jain (m.)
ਧਨਵਾਨ	rich
ਨਾਹੀਂ	= ਨਹੀਂ
ਨਿਪੁਣ	clever, expert
ਪਦਾਰਥ	thing, object (M.)
ਪ੍ਰਾਪਤ	gain, acquisition (m.)
ਪ੍ਰਾਪਤ ਕਰਨਾ	to obtain, achieve
ਪਾਰਸੀ	Parsi (m.)
ਪਾਲ	= ਪਾਲ ਕੇ

ਪਾਲਣਾ	to nurture, nourish, support
ਪੁਸ਼ਟ	strong
ਬਣਨਾ	to become
ਬਲਵਾਨ	strong
ਮਰਜ਼ੀ	wish (f.)
ਮਾਣ	respect, honor (m.)
ਮਾਣ ਇੱਜ਼ਤ	prestige, honor (f.)
ਮੁਸਲਮਾਨ	Muslim (m.)
ਰਿਸ਼ਟ	delighted, joyous
ਰਿਸ਼ਟ-ਪੁਸ਼ਟ	healthy
ਰੋਕ	hindrance, barrier, stopping (f.)
ਲਖ-ਪਤੀ	millionaire, rich man (m.)
ਵਧੇਰਾ	plenty
ਵਿੱਦਿਆ	knowledge, education, learning (f.)
ਵਿਦਵਾਨ	learned

4.2 Answer the following questions in Panjabi:

੧. ਇਸ ਕਵਿਤਾ (poem) ਤੇ ਤੁਸੀਂ ਕੀ ਸਮਝਦੇ ਹੋਂ?
੨. ਤੁਹਾਡਾ ਕੀ ਧਰਮ ਹੈ ?
੩. ਤੁਸੀਂ ਵਡਾ ਹੋ ਕੇ ਕੀ ਬਣੋਗੇ?
੪. ਇਸ ਕਵਿਤਾ ਦਾ ਲਿਖਣ ਵਾਲਾ ਕੌਣ ਹੈ?
੫. ਇਸ ਕਵਿਤਾ ਨੂੰ ਸੁਣ ਕੇ ਤੁਸੀਂ ਕਿਸ ਕਵਿਤਾ ਦੀ ਯਾਦ ਆਉਦੀ ਹੈ?

Cultural note: The writer of this poem is Gurmukh Siŋgh 'Musa:far'. Musa:far is his pen name, and is therefore written in inverted commas. It is common practice in India for a poet to select a pen name which reflects the feeling of the writer about himself. This pen name means "traveler".

4.3 The suffix -ਵਾਨ added to a noun makes an adjective, for example:

ਗੁਣ virtue ਗੁਣਵਾਨ virtuous

Find other words in this poem that are formed in this way, and make some of your own.

4.4 Poetry may use a different syntax from prose. Rewrite this poem, putting the words in prose order, for example:

ਕਰ ਪ੍ਰਾਪਤ ਹੁਨਰ ਸਾਰੇ
ਹੋ ਨਿਪੁਣ ਗੁਣਵਾਨ ਬਨ ।

would become:

ਸਾਰੇ ਹੁਨਰ ਪ੍ਰਾਪਤ ਕਰ (ਕੇ), ਨਿਪੁਣ ਹੋ (ਕੇ) ਗੁਣਵਾਨ ਬਣ।

4.5 ਲਖ-ਪਤੀ is a compound word made from two words,

ਲਖ = 100,000 ਪਤੀ = master,owner ਲਖ-ਪਤੀ = richman

Find other compound words in the poem and use them in your own sentences.

4.6 The words ਮਾਣ and ਇੱਜ਼ਤ have the same meaning. The former is of Sanskrit origin, the latter is from Persian. For the purpose of emphasis two synonyms, from the same or from different sources, are frequently used in this way. List some other similar pairs of synonyms from the reading.

UNIT V

ਅਮਰੀਕਾ ਵਿਚ *

ਅਮਰੀਕਾ ਵਿਚ ਦੋ ਆਦਮੀਆਂ ਨੂੰ ਚੰਗੀ ਤਰ੍ਹਾਂ ਜਾਨਣ ਦਾ ਮੌਕਾ ਮੈਨੂੰ ਮਿਲਿਆ। ਇਕ ਸੀ ਕਿਸੇ ਵਡੀ ਕੰਪਨੀ ਦਾ ਪ੍ਰਧਾਨ , ਦੂਜਾ ਸੀ ਮਸ਼ੀਨਮੈਨ।

ਪਹਿਲਾਂ ਮੈਂ ਤੁਹਾਨੂੰ ਮਸ਼ੀਨਮੈਨ ਦਾ ਹਾਲ ਸੁਣਾਂਦਾ ਹਾਂ। ਇਹ ਆਪਣੇ ਕੰਮ ਵਿਚ ਬੜਾ ਹੀ ਸੁਚੱਜਾ ਸੀ, ਇਹਨੂੰ ਤਿੰਨ ਸੌ ਰੁਪਿਆ ਹਫ਼ਤੇ ਦੀ ਮਜ਼ਦੂਰੀ ਮਿਲਦੀ ਸੀ, ਇਹ ਸਿਰਫ਼ ਪੰਜ ਛੇ ਦਿਨ ਹਫ਼ਤੇ ਵਿਚ ਕੰਮ ਕਰਦਾ ਸੀ, ਛਨਿਛਰ ਤੇ ਐਤ ਦੋਵੇਂ ਦਿਨ ਛੁਟੀ ਕਰਦਾ ਸੀ।

ਛਨਿਛਰਵਾਰ ਇਹ ਆਪਣੇ ਘਰ ਦਾ ਬਾਗ਼ ਗੋਡਦਾ ਸੀ , ਆਪਣੀ ਲੋੜ ਦੀਆਂ ਸਬਜ਼ੀਆਂ ਇਹ ਆਪੇ ਪੈਦਾ ਕਰ ਲੈਂਦੇ ਸਨ, ਸਾਰਾ ਪਰਵਾਰ ਨਾਲ ਲਗਦਾ ਸੀ। ਸ਼ਾਮ ਨੂੰ (ਛਨਿਛਰਵਾਰ) ਇਹ ਸਾਰੇ ਸਿਨੇਮਾ ਜਾਂ ਥੀਏਟਰ ਵੇਖਣ ਜਾਂ ਸਨੇਹੀਆਂ ਨੂੰ ਮਿਲਣ ਮਿਲਾਣ ਜਾਂਦੇ ਸਨ. ਐਤਵਾਰ ਸਵੇਰੇ, ਮੂੰਹ ਹਨੇਰੇ ਹੀ ਇਹ ਬੜੀ ਲੰਮੀ ਸੈਰ ਤੇ ਇਕਲਾ ਚਲਾ ਜਾਂਦਾ ਸੀ, ਕੋਈ ਪੰਦਰਾਂ ਮੀਲ ਦੀ ਸੈਰ। ਸੈਰ ਤੋਂ ਵਾਪਸ ਆਕੇ, ਨਹਾ ਕੇ, ਕੁਝ ਖਾ ਕੇ, ਸੌਂ ਜਾਂਦਾ ਸੀ। ਉਠਕੇ ਦੋ ਤਿੰਨ ਘੰਟੇ ਉਹ ਪੜ੍ਹਦਾ ਸੀ, ਤੇ ਸ਼ਾਮ ਨੂੰ ਓਹ ਜਾਂ ਸਾਰਾ ਟੱਬਰ ਬਾਹਰ ਜਾਂਦੇ ਜਾਂ ਕਦੇ ਘਰ ਵਿਚ ਹੀ ਗਰਾਮੋਫ਼ੋਨ, ਪਿਆਨੋ ਜਾਂ ਕੋਈ ਹੋਰ ਸੰਗੀਤ-ਸਾਜ਼ ਵਜਾਂਦੇ ਸਨ।

ਇਹਨਾਂ ਦੇ ਘਰ ਕੋਈ ਨੌਕਰ ਨਹੀਂ ਸੀ, ਸਾਰਾ ਕੰਮ ਇਹ ਆਪ ਕਰਦੇ ਸਨ,ਘਰ ਇਹਨਾਂ ਦਾ ਆਪਣਾ ਸੀ। ਮੈਂ ਪਤਨੀ ਦੀ ਰਾਹੀਂ ਘਰ ਦਾ ਦੋਸਤ ਬਣਿਆ ਸਾਂ। ਪਤਨੀ ਇਕ ਕਲੱਬ ਦੀ ਮੈਂਬਰ ਸੀ, ਉਸ ਕਲੱਬ ਨੇ ਮੇਰਾ ਲੈਕਚਰ ਕਰਾਇਆ ਸੀ। ਭਾਵੇਂ ਵਾਕਫ਼ ਮੈਂ ਪਤਨੀ ਦਾ ਹਾਂ, ਪਰ ਪਤੀ ਨੇ ਵੀ ਮੈਨੂੰ ਆਪਣਾ ਦੋਸਤ ਬਣਾ ਲਿਆ ਸੀ। ਪਤੀ ਦੀ ਸੁਚੱਜੀ ਜ਼ਿੰਦਗੀ ਤੇ ਮੈਨੂੰ ਰਸ਼ਕ ਆਉਂਦਾ ਸੀ। ਉਹ ਆਪਣੇ ਘਰ ਵਿਚ ਜੋ ਵਿਗੜੇ ਠੀਕ ਕਰ ਲੈਂਦਾ ਸੀ। ਵਾਜੇ, ਰੇਡੀਓ, ਬਿਜਲੀ, ਕਪੜੇ ਸਿਉਣ ਵਾਲੀ ਮਸ਼ੀਨ ਤੇ ਕਈ ਜੰਤਰ ਉਹ ਆਪਣੀ ਵਰਕਸ਼ਾਪ ਵਿਚ ਆਪ ਬਣਾ ਲੈਂਦਾ ਸੀ।

5.1 The following are English words used in Panjabi:

ਸਿਨੇਮਾ, ਕੰਪਨੀ, ਕਲੱਬ, ਗਰਾਮੋਫ਼ੋਨ, ਥੀਏਟਰ, ਪਿਆਨੋ, ਮੈਂਬਰ, ਰੇਡੀਓ, ਲੈਕਚਰ, ਵਰਕਸ਼ਾਪ (work-shop), ਮਸ਼ੀਨ, ਮਸ਼ੀਨਮੈਨ (machinist, mechanic).

5.2 Phrases

ਸਨੇਹੀਆਂ ਨੂੰ ਮਿਲਣ ਮਿਲਾਣ ਜਾਂਦੇ ਸਨ। They went to visit friends.

5.3 Vocabulary

ਆਪ	self
ਆਪੇ	self (emphatic)
ਐਤ(ਵਾਰ)	Sunday
ਇਹਨਾਂ	= ਇਨ੍ਹਾਂ, post-positional pl. of ਇਹ
ਇਕਲਾ	alone
ਉਠਣਾ	to awaken, arise
ਓਹ	= ਉਹ
ਸੰਗੀਤ-ਸਾਜ਼	musical instrument (m.)
ਸਨੇਹੀ	good friend, beloved friend (f.)
ਸਬਜ਼ੀ	(green) vegetable (f.)
ਸਾਂ	(I) was
ਸ਼ਾਮ	evening (f.)
ਸਿਉਣਾ	to sew
ਸਿਰਫ਼	only
ਸੁਚੱਜਾ	good, clever
ਸੁਣਾਉਣਾ	to tell
ਸੌਂਣਾ	to sleep
ਸੌਂ ਜਾਣਾ	to go to sleep

ਹਫ਼ਤਾ	week (m.)
ਹਾਲ	condition, description (m.)
ਕਪੜਾ	cloth, item of clothing (m.)
ਕਰਾਉਣਾ	to cause to do, to arrange
ਗੋਡਣਾ	to hoe
ਘੰਟਾ	hour (m.)
ਛਨਿਛਰ(ਵਾਰ)	Saturday (m.)
ਛੁਟੀ ਕਰਨਾ	to have a day off, to give a day off
ਜੰਤਰ	instrument, tool (m.)
ਜਾਂ	or
ਜਾਨਣਾ	= ਜਾਣਨਾ
ਜ਼ਿੰਦਗੀ	life (f.)
ਟੱਬਰ	family (m.)
ਠੀਕ	proper, right
ਠੀਕ ਕਰ ਲੈਣਾ	to fix, repair
ਦੋਸਤ	friend (m.)
ਦੋਵੇਂ	both
ਨਹਾਣਾ (ਨ੍ਹਾਣਾ)	to bathe
ਨੌਕਰ	servant (m.)
ਪਹਿਲਾਂ	firstly, at first
ਪਤਨੀ	wife (f.)
ਪਤੀ	husband, master (m.)
ਪ੍ਰਧਾਨ	head, chief (m.)
ਪਰਵਾਰ	family (m.)
ਪੜ੍ਹਨਾ	to read
ਪੈਦਾ ਕਰਨਾ	to produce, bear, grow (trans.)
ਬਣਾਉਣਾ	to make, mend, adjust

ਬਣਾ ਲੈਣਾ	to make, mend, adjust
ਬਾਗ਼	garden (m.)
ਬਾਗ਼ ਗੋਡਣਾ	to garden
ਬਿਜਲੀ	electricity
ਭਾਵੇਂ	although
ਮਜ਼ਦੂਰੀ	wage (f.)
ਮਿਲਾਉਣਾ	to introduce, to cause to meet
ਮੀਲ	mile (m.)
ਮੌਕਾ	opportunity, chance (m.)
ਰਸ਼ਕ	envy (m.)
ਨੂੰ ਰਸ਼ਕ ਆਉਣਾ	to envy
ਰਾਹੀਂ	through, by way of
ਲੋੜ	need (f.)
ਵਜਾਣਾ	to play (a musical instrument)
ਵਾਕਫ਼	acquaintance (m.)
ਵਾਜਾ	musical instrument (m.)
ਵਾਪਸ	back
ਵਿਗੜਨਾ	to go wrong

5.4 Answer the following questions in Panjabi:

੧. ਅਮਰੀਕਾ ਵਿੱਚ ਆਦਮੀਆਂ ਨੂੰ ਚੰਗੀ ਤਰ੍ਹਾਂ ਜਾਨਣ ਦਾ ਮੌਕਾ ਲੇਖਕ ਨੂੰ ਮਿਲਿਆ?
੨. ਮਸ਼ੀਨਮੈਨ ਆਪਣਾ ਕੰਮ ਕਿਸ ਤਰ੍ਹਾਂ ਕਰਦਾ ਸੀ?
੩. ਉਸ ਨੂੰ ਕਿਤਨੇ ਰੁਪਏ ਮਜ਼ਦੂਰੀ ਹਫ਼ਤੇ ਦੀ ਮਿਲਦੀ ਸੀ?
੪. ਉਹ ਹਫ਼ਤੇ ਵਿੱਚ ਕਿਤਨੇ ਦਿਨ ਕੰਮ ਕਰਦਾ ਸੀ?
੫. ਛਨਿਛਰ ਤੇ ਐਤਵਾਰ ਉਹ ਕੀ ਕਰਦਾ ਸੀ?
੬. ਕੀ ਉਹ ਆਪਣੀ ਲੋੜ ਦੀਆਂ ਸਬਜ਼ੀਆਂ ਆਪੇ ਪੈਦਾ ਕਰ ਲੈਂਦੇ ਸਨ?
੭. ਛਨਿਛਰਵਾਰ ਸ਼ਾਮ ਨੂੰ ਇਹ ਟੱਬਰ ਕੀ ਕਰਦਾ ਸੀ?
੮. ਕੀ ਉਨ੍ਹਾਂ ਦੇ ਘਰ ਕੋਈ ਨੌਕਰ ਸੀ?

੯. ਕੀ ਘਰ ਉਨ੍ਹਾਂ ਦਾ ਆਪਣਾ ਸੀ?
੧੦. ਕੀ ਮਸ਼ੀਨਮੈਨ ਦੀ ਪਤਨੀ ਘਰ ਦੇ ਬਾਹਰ ਵੀ ਹੋਰ ਕੁਝ ਕਰਦੀ ਸੀ?
੧੧. ਘਰ ਦੀਆਂ ਬਿਗੜੀਆਂ ਚੀਜ਼ਾਂ ਨੂੰ ਕੌਣ ਠੀਕ ਕਰਦਾ ਸੀ?
੧੨. ਲੇਖਕ ਨੂੰ ਮਸ਼ੀਨਮੈਨ ਦੀ ਜਿੰਦਗੀ ਤੇ ਕਿਉਂ ਰਸ਼ਕ ਆਉਂਦਾ ਸੀ?

5.5 Fill in the blanks:

੧. —— ਵਿੱਚ ਚਾਰ —— ਨੂੰ —— ਜਾਨਣ ਦਾ ਮੌਕਾ ——।
੨. ਇਕ ਸੀ —— ਸਕੂਲ ਦਾ ਪ੍ਰਧਾਨ, —— ਸੀ ਧੋਬੀ।
੩. —— ਮੈਂ —— ਧੋਬੀ ਦਾ ਹਾਲ —— ਹਾਂ।
੪. ਇਹ ਨੂੰ ਤਿੰਨ ਸੌ —— ਹਫ਼ਤੇ —— ਮਜ਼ਦੂਰੀ —— ਹੈ।
੫. ਉਹ ਹਫ਼ਤੇ ਵਿੱਚ —— ਤਿੰਨ —— ਕੰਮ —— ——।
੬. ਛਨਿਛਰ ਤੇ ਐਤ —— ਦਿਨ —— ਕਰਦਾ ਹੈ।
੭. ਐਤਵਾਰ ਮੈਂ ਆਪਣੇ ਘਰ —— ਬਾਗ਼ —— ——।
੮. ਸਾਰਾ ਟੱਬਰ —— ਲਗਦਾ ਸੀ।
੯. —— ਨੂੰ ਸਿਨੇਮਾ —— ਜਾਂਦੇ —— ।
੧੦. ਖਾਕੇ ਮੈਂ —— ਜਾਂਦਾ —— ।
੧੧. ਮੂੰਹ ਹਨੇਰੇ ਉਠਕੇ —— ਉਹ ਪੜ੍ਹਦਾ ਹੈ।
੧੨. ਕਦੇ ਘਰ ਵਿੱਚ ਹੀ ਕੋਈ ਸਾਜ਼ —— ।
੧੩. ਸਾਡੇ ਘਰ —— ਨੌਕਰ ——।
੧੪. ਘਰ —— ਸੀ।
੧੫. ਮੈਂ ਪਤਨੀ —— —— ਘਰ ਦਾ ਦੋਸਤ ਬਣਿਆ ਸੀ।

5.6 Translate into Panjabi:

1. I came to know him very well in India.
2. He worked six days a week.
3. He received a hundred rupees a month.
4. I take a long walk every day, early in the morning.

5. We have no servants.
6. The house was their own.
7. She was a member of the club.
8. I envy the life of a leader.
9. They arranged my lecture to the club.
10. He became my friend through my son.
11. We play some sort of instrument every night.
12. He repairs whatever goes wrong in the house.
13. I take every Sunday off.
14. The whole family worked side by side.

5.7 Causative Verbs in Panjabi

ਕਰਾਉਣਾ and ਕਰਵਾਉਣਾ are causative forms of the verb ਕਰਨਾ; the former is the simple causative, the latter the double causative. They can be translated respectively as "to cause to do" and "to cause to be done (by a third person)". The difference in meaning is better illustrated by using the verb ਪੜ੍ਹਨਾ ,"to read, learn":

ਪੜ੍ਹਨਾ	to learn
ਪੜ੍ਹਾਉਣਾ	to cause to learn (i.e., to teach)
ਪੜ੍ਹਵਾਉਣਾ	to cause to be taught (i.e., to have someone else teach)

The following sentences will illustrate:

ਮੁੰਡੇ ਨੇ ਪੜ੍ਹਿਆ।	the boy learned
ਮਾਸਟਰ ਨੇ ਮੁੰਡੇ ਨੂੰ ਪੜ੍ਹਾਇਆ।	the teacher taught the boy
ਉਹ ਨੇ ਮਾਸਟਰ ਤੇ ਮੁੰਡੇ ਨੂੰ ਪੜ੍ਹਵਾਇਆ।	he had the boy taught by the teacher

Causative forms of intransitive verbs are generally transitive:

ਜਲਣਾ	to burn (intr.)
ਜਲਾਉਣਾ	to burn (trans.)

As can be seen in these examples, the simple causative is usually formed by adding -ਆਉ to the stem of the verb; the double causative is made by adding-ਵਾਉ to the stem. Learn the following causative forms and use them in your own sentences:

ਜਲਣਾ to burn (intr.)	ਜਲਾਉਣਾ to burn (trans.)	ਜਲਵਾਉਣਾ to cause to be burned
ਸਿੱਖਣਾ to learn	ਸਿਖਾਉਣਾ to teach	ਸਿਖਵਾਉਣਾ to cause to be taught
ਉਠਣਾ to awaken (intr.)	ਉਠਾਉਣਾ to awaken (trans.)	ਉਠਵਾਉਣਾ to cause to be awakened
ਕਰਨਾ to do	ਕਰਾਉਣਾ to cause to do	ਕਰਵਾਉਣਾ to cause to be done
ਸਮਝਣਾ to understand	ਸਮਝਾਉਣਾ to explain	ਸਮਝਵਾਉਣਾ to cause to be explained
ਮਿਲਨਾ to meet	ਮਿਲਾਉਣਾ to introduce	ਮਿਲਵਾਉਣਾ to cause to be introduced
ਸੁਣਨਾ to listen	ਸੁਣਾਉਣਾ to tell	ਸੁਣਵਾਉਣਾ to cause to be told
ਹੱਸਣਾ to laugh	ਹੱਸਾਉਣਾ to cause to laugh	

---

*ਗੁਰਬਖ਼ਸ਼ ਸਿੰਘ, ਤਾਜ ਤੇ ਸਰੂ, ਲੁਧਿਆਣਾ. ੧੧੩-੧੧੪.

UNIT VI

ਭਾਰਤ*

ਭਾਰਤ ਇਕ ਵਿਸ਼ਾਲ ਦੇਸ਼ ਹੈ। ਇਸ ਦਾ ਖੇਤਰਫਲ ੧੨੫੯ ਲੱਖ ਵਰਗ ਮੀਲ ਹੈ, ਜਦ ਕਿ ਸਾਰੇ ਵਿਸ਼ਵ ਦਾ ਖੇਤਰਫਲ ੫੧੩.੧ ਲੱਖ ਵਰਗ ਮੀਲ ਹੈ। ਇਸਤੋਂ ਇਹ ਸਨਸ਼ਟ ਹੁੰਦਾ ਹੈ ਕਿ ਭਾਰਤ ਦਾ ਖੇਤਰਫਲ ਵਿਸ਼ਵ ਦੇ ਖੇਤਰਫਲ ਦਾ ਲਗਭਗ ੨.੫ ਪ੍ਰਤੀ ਸੈਂਕੜਾ ਹੈ। ਖੇਤਰਫਲ ਦੀ ਦ੍ਰਿਸ਼ਟੀ ਨਾਲ ਸਾਡਾ ਦੇਸ਼ ਇੰਗਲੈਂਡ ਦੇ ਖੇਤਰਫਲ ਨਾਲੋਂ ੧੩ ਗੁਣਾਂ ਹੈ। ਜੇ ਰੂਸ ਨੂੰ ਛੱਡ ਦਿੱਤਾ ਜਾਵੇ ਤਾਂ ਭਾਰਤ ਦਾ ਖੇਤਰਫਲ ਲਗਭਗ ਸਾਰੇ ਯੂਰਪ ਦੇ ਬਰਾਬਰ ਹੈ। ਭਾਰਤ ਦਾ ਛੋਟਾ ਤੋਂ ਛੋਟਾ ਰਾਜ ਵੀ ਯੂਰਪ ਦੇ ਬਹੁਤੇ ਦੇਸ਼ਾਂ ਨਾਲੋਂ ਵੱਡਾ ਹੈ।

ਜਨ-ਸੰਖਿਆ ਦੀ ਦ੍ਰਿਸ਼ਟੀ ਨਾਲ ਵੀ ਭਾਰਤ ਇਕ ਵੱਡਾ ਦੇਸ਼ ਹੈ। ਇਥੇ ਦੀ ਜਨ-ਸੰਖਿਆ ਸਾਰੇ ਵਿਸ਼ਵ ਦੀ ਜਨ-ਸੰਖਿਆ ਦੇ ਟਾਕਰੇ ਵਿਚ ੧੩ ਪ੍ਰਤੀ ਸੈਂਕੜਾ ਹੈ। ਕਿਉਂਕਿ ਭਾਰਤ ਦਾ ਖੇਤਰਫਲ ਸਾਰੇ ਵਿਸ਼ਵ ਦੇ ਖੇਤਰਫਲ ਦਾ ਕੇਵਲ ੨੫ ਪ੍ਰਤੀ ਸੈਂਕੜਾ ਹੈ ਅਤੇ ਆਬਾਦੀ ੧੩ ਪ੍ਰਤੀ ਸੌਂਕੜਾ ਹੈ, ਇਸ ਲਈ ਇਸ ਗੱਲ ਤੋਂ ਹੀ ਭਾਰਤ ਦੀ ਘਣੀ ਆਬਾਦੀ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਚੀਨ ਨੂੰ ਛੱਡ ਕੇ ਸਾਡੇ ਦੇਸ਼ ਦੀ ਆਬਾਦੀ ਹੋਰ ਸਾਰੇ ਦੇਸ਼ਾਂ ਨਾਲੋਂ ਵੱਧ ਹੈ।

ਭਾਰਤ ਦੀ ਆਬਾਦੀ ਇੰਗਲੈਂਡ ਦੀ ਆਬਾਦੀ ਤੋਂ ੭ ਗੁਣਾਂ, ਅਮਰੀਕਾ ਦੀ ਆਬਾਦੀ ਤੋਂ ੨੫ ਗੁਣਾਂ ਅਤੇ ਅਫ਼ਰੀਕਾ ਮਹਾਂ-ਦੀਪ ਦੀ ਆਬਾਦੀ ਤੋਂ ਲਗਭਗ ਅੱਧੀ ਹੈ। ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਵਿਸ਼ਵ ਦੇ ਹਰ ੧੩ ਵਿਅਕਤੀਆਂ ਵਿਚੋਂ ੨ ਵਿਅਕਤੀ ਭਾਰਤਵਾਸੀ ਹਨ।

ਖੇਤੀ-ਬਾੜੀ ਭਾਰਤ ਦਾ ਮੁੱਖ ਉਦਸੋਗ ਹੈ। ਖੇਤੀ-ਬਾੜੀ ਦੇ ਕੰਮ ਤੇ ਲਗਭਗ ੭੦ ਪ੍ਰਤੀ ਸੈਂਕੜਾ ਜਨ-ਸੰਖਿਆ ਲਗੀ ਹੋਈ ਹੈ। ਇਸ ਦੇਸ਼ ਵਿਚ ਸਾਰੇ ਵਿਸ਼ਵ ਦੀ ਪੈਦਾਵਾਰ ਦਾ ੧/੩ ਹਿੱਸਾ ਚਾਵਲ ਪੈਦਾ ਕੀਤਾ ਜਾਂਦਾ ਹੈ। ਗੰਨੇ, ਤੇਲ ਦੇ ਬੀਜਾਂ, ਚਾਹ ਅਤੇ ਤਮਾਕੂ ਦੀ ਪੈਦਾਵਾਰ ਵਿਚ ਭਾਰਤ ਦਾ ਦਰਜਾ ਸਭ ਤੋਂ ਉੱਚਾ ਹੈ। ਲਾਖ ਦੀ ਪੈਦਾਵਾਰ ਵੀ ਸਭ ਤੋਂ ਵੱਧ ਇਥੇ ਹੀ ਹੁੰਦੀ ਹੈ। ਕਪਾਹ

ਦੀ ਪੈਦਾਵਾਰ ਵਿਚ ਭਾਰਤ ਦਾ ਦਰਜਾ ਅਮਰੀਕਾ ਤੋਂ ਮਗਰੋਂ ਦੂਜੇ ਨੰਬਰ ਤੇ ਹੈ।

ਭਾਰਤ ਸੰਨ ੨੬ ਜਨਵਰੀ ੧੯੫੦ ਤੋਂ ਇਕ ਸਰਵ-ਅਧਿਕਾਰੀ ਪੂਰਨ ਲੋਕਰਾਜੀ ਜਨਤੰਤਰ ਕਰਾਰ ਦਿੱਤਾ ਗਿਆ ਅਤੇ ਉਸ ਦਿਨ ਤੋਂ ਹੀ ਇੱਥੇ ਨਵਾਂ ਸੰਵਿਧਾਨ ਲਾਗੂ ਹੈ। ਇਸ ਸੰਵਿਧਾਨ ਵਿੱਚ ਭਾਰਤ ਨੂੰ ਰਾਜਾਂ ਦਾ ਸੰਘ ਮੰਨਿਆ ਗਿਆ ਹੈ।

6.1 These are the geographical names found in the text:

ਭਾਰਤ (= ਹਿੰਦੁਸਤਾਨ, India), ਅਮਰੀਕਾ, ਇੰਗਲੈਂਡ, ਅਫ਼ਰੀਕਾ, ਰੂਸ (Russia), ਚੀਨ (China), ਯੂਰਪ (Europe)

6.2 Phrases:

ਖੇਤਰਫਲ ਦੀ ਦ੍ਰਿਸ਼ਟੀ ਨਾਲ	from the point of view of area
ਜੇ ਰੂਸ ਨੂੰ ਛੱਡ ਦਿੱਤਾ ਜਾਵੇ	if Russia is excluded (lit., if Russia is left)
ਛੋਟਾ ਤੋਂ ਛੋਟਾ ਰਾਜ ਵੀ	even the smallest state
ਸਭ ਤੋਂ ਉਚਾ	the highest
ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ	loosely speaking, it can be said
ਚਾਵਲ ਪੈਦਾ ਕੀਤਾ ਜਾਂਦਾ ਹੈ	rice is produced

6.3 Vocabulary:

ਅੱਧਾ	half
ਅਨੁਮਾਨ	guess, inference (m.)
ਅਨੁਮਾਨ ਲਾਉਣਾ	to guess
ਆਬਾਦੀ	population (f.)
ਇੱਥੇ (ਇਥੇ)	here

ਉੱਚਾ	high
ਉਦਯੋਗ	occupation (m.)
ਸੰਘ	federation
ਸੰਨ	year (m.)
ਸਪਸ਼ਟ	clear
ਸਰਵ-ਅਧਿਕਾਰੀ	all-sovereign
ਸੰਵਿਧਾਨ	constitution (m.)
ਸੈਂਕੜਾ	hundred (m.)
ਹਿੱਸਾ	portion, part (m.)
ਕਪਾਹ	cotton (f.)
ਕਰਾਰ ਦੇਣਾ	to declare
ਕਿਉਂਕਿ	because
ਕੇਵਲ	only
ਖੇਤਰਫਲ	area (m.)
ਖੇਤੀ-ਬਾੜੀ	agriculture (f.)
ਗੰਨਾ	sugarcane (m.)
ਗੁਣਾ	times, multiplied
ਘਣਾ	much, thick
ਚਾਹ	tea (f.)
ਚਾਵਲ	rice (m.)
ਛੱਡਣਾ	to leave
ਛੱਡ ਦੇਣਾ	to leave
ਛੋਟਾ	small
ਜਦ ਕਿ	whereas
ਜਨ	person, people (m.)
ਜਨ-ਸੰਖਿਆ	population (lit., number of people) (m.)

3

ਜਨਤੰਤਰ	republic (m.)
ਜਨਵਰੀ	January (f.)
ਟਾਕਰਾ	comparison (m.)
ਤਮਾਕੂ	tobacco (m.)
ਤੇਲ	oil (m.)
ਦਰਜਾ	place, rank (m.)
ਦ੍ਰਿਸ਼ਟੀ	view (f.)
ਦੇਸ਼	country (m.)
ਨੰਬਰ	number, place (m.)
ਨਵਾਂ	new
ਨਾਲੋਂ	than
ਪ੍ਰਤੀ	every
ਪੂਰਨ	complete, entire
ਪੈਦਾਵਾਰ	production (f.)
ਬਹੁਤੇ	many , the majority
(ਦੇ) ਬਰਾਬਰ	equal (to)
ਬੀਜ	seed (m.)
ਭਾਰਤਵਾਸੀ	Indian (m.)
ਮਹਾਂ-ਦੀਪ	continent (lit. great island) (m.)
(ਤੋਂ) ਮਗਰੋਂ	after
ਮੰਨਿਆ ਜਾਣਾ	to be regarded
ਮੁੱਖ	main
ਮੋਟਾ	fat
ਮੋਟੇ ਤੌਰ ਤੇ	roughly, broadly
ਰਾਜ	state (m.)
ਲਗਭਗ	approximately
ਲਗਾ ਹੋਣਾ	to be engaged (in)

ਲਾਖ	lac (m.)
ਲਾਗੂ ਹੋਣਾ	to be in effect
ਲੋਕਰਾਜੀ	democratic
ਵੱਡਾ	=ਵਡਾ
(ਤੋਂ) ਵੱਧ	more
ਵਰਗ	square (m.)
ਵਿਅਕਤੀ	person (m.)
ਵਿਸ਼ਵ	world (m.)
ਵਿਸ਼ਾਲ	great, huge
ਵਿਚੋਂ (ਵਿੱਚੋਂ)	among

6.4 Answer the following questions in Panjabi:

੧. ਭਾਰਤ ਦਾ ਖੇਤਰਫਲ ਕਿਤਨਾ ਹੈ?
੨. ਕੀ ਜਨ-ਸੰਖਿਆ ਦੀ ਦ੍ਰਿਸ਼ਟੀ ਨਾਲ ਵੀ ਭਾਰਤ ਵੱਡਾ ਦੇਸ਼ ਹੈ?
੩. ਭਾਰਤ ਦੀ ਆਬਾਦੀ ਕਿਤਨੀ ਹੈ ?
੪. ਭਾਰਤ ਦਾ ਮੁੱਖ ਉਦਯੋਗ ਕੀ ਹੈ?
੫. ਭਾਰਤ ਵਿੱਚ ਕਿਸ ਚੀਜ਼ ਦੀ ਪੈਦਾਵਾਰ ਹੁੰਦੀ ਹੈ?
੬. ਕਿਸ ਚੀਜ਼ ਦੀ ਪੈਦਾਵਾਰ ਭਾਰਤ ਵਿੱਚ ਸਭ ਤੋਂ ਵੱਧ ਹੁੰਦੀ ਹੈ?
੭. ਭਾਰਤ ਦੇ ਕਿਸੇ ਦਸ ਰਾਜਾਂ ਦੇ ਨਾਂ ਲਿਖੋ।
੮. ਭਾਰਤ ਵਿੱਚ ਨਵਾਂ ਸੰਵਿਧਾਨ ਕਿਸ ਸੰਨ ਵਿੱਚ ਲਾਗੂ ਹੋਇਆ ?
੯. ਅਮਰੀਕਾ ਵਿੱਚ ਕਿੰਨੇ ਰਾਜ ਹਨ?
੧੦. ਤੁਹਾਡੇ ਰਾਜ ਦਾ ਕੀ ਨਾਂ ਹੈ?
੧੧. ਅਮਰੀਕਾ ਦਾ ਖੇਤਰਫਲ ਭਾਰਤ ਤੋਂ ਵੱਧ ਹੈ ਜਾਂ ਘੱਟ ? ਤੇ ਜਨਸੰਖਿਆ?

6.5 Fill in the blanks:

੧. ਅਮਰੀਕਾ ਇੱਕ —— ਦੇਸ਼ ਹੈ।

੨. ਰੂਸ ਦਾ ਖੇਤਰਫਲ —— ਵਰਗ ਮੀਲ ਹੈ।

੩. ਭਾਰਤ ਦਾ ਖੇਤਰਫਲ ਵਿਸ਼ਵ —— ਦਾ —— —— ਪ੍ਰਤੀ ਸੈਂਕੜਾ ਹੈ?

੪. ਅਮਰੀਕਾ ਇੰਗਲੈਂਡ ਦੇ ਖੇਤਰਫਲ —— —— ਗੁਣਾਂ ਹੈ।

੫. ਜਨਸੰਖਿਆ —— ਨਾਲ ਰੂਸ ਇੱਕ —— ਦੇਸ਼ ਹੈ।

੬. —— ਅਮਰੀਕਾ ਦਾ ਮੁੱਖ ਉਦਯੋਗ ਹੈ।

੭. ਖੇਤੀ-ਬਾੜੀ ਦੇ ਕੰਮ ਤੇ —— ਜਨਸੰਖਿਆ ਲਗੀ ਹੋਈ ਹੈ।

੮. ਲਾਖ ਦੀ ਪੈਦਾਵਾਰ —— ਵੱਧ ਹੁੰਦੀ ਹੈ।

੯. ਭਾਰਤ ਰਾਜਾਂ ਦਾ —— ਮੰਨਿਆ ਗਿਆ ਹੈ।

੧੦. ਵਿਸ਼ਵ ਦੀ ਜਨਸੰਖਿਆ —— ਹੈ।

੧੧. ਅਮਰੀਕਾ —— ਸੰਘ ਹੈ।

6.6 Translate the following into Panjabi:

1. America is a big country.
2. From the point of view of population, America is three times that of England.
3. Even the smallest state is bigger than a European country.
4. China's population is the largest of any country.
5. Roughly speaking, England's population is 60,000,000.
6. What is the main occupation in China?
7. The production of cotton is greatest in America.
8. India is in second place in the production of cotton.
9. America is a federal state.
10. There are 50 states in America.

6.7 Compound words in Panjabi are sometimes hyphenated, sometimes written as one word:

ਮਹਾਂ-ਦੀਪ = ਮਹਾਂ (great) + ਦੀਪ (island) = continent
ਖੇਤਰਫਲ = ਖੇਤਰ (field) + ਫਲ (fruit) = area

ਵਿਸ਼ਵ ਦੇ ਮਹਾਂ-ਦੀਪਾਂ ਦੇ ਨਾਂ ਲਿਖੋ।

Find other compound words in this unit and use them in your own sentences.

---

* *ਪੰਜਾਬੀ ਪ੍ਰਬੋਧ*, ਭਾਸ਼ਾ ਵਿਭਾਗ, ਪੰਜਾਬ. ਪਟਿਆਲਾ, ੧੯੬੨.੪੧-੪੨.

UNIT VII

ਸਾਡੇ ਦੇਸ਼ ਦਾ ਰਾਜ–ਪਰਬੰਧ *

ਸਾਡੇ ਵਿਧਾਨ ਅਨੁਸਾਰ ਸਾਡੇ ਦੇਸ਼ ਦਾ ਮੁਖ-ਅਧਿਕਾਰੀ ਰਾਸ਼ਟਰਪਤੀ ਹੈ । ਉਸ ਨੂੰ ਚੁਣਿਆ ਜਾਂਦਾ ਹੈ, ਪਰ ਉਸਦੀ ਚੋਣ ਸਾਰੇ ਲੋਕੀਂ ਵੋਟਾਂ ਪਾਕੇ ਨਹੀਂ ਕਰਦੇ । ਜਿਨ੍ਹਾਂ ਲੋਕਾਂ ਨੂੰ ਅਸੀਂ ਆਪਣੇ ਪ੍ਰਤੀਨਿਧ ਚੁਣ ਕੇ ਕਨੂੰਨ-ਘੜਨੀਆਂ ਸਭਾਵਾਂ ਵਿੱਚ ਭੇਜਦੇ ਹਾਂ, ਸਾਡੇ ਉਹ ਪ੍ਰਤੀਨਿਧ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਕਰਦੇ ਹਨ। ਉਹ ਰਾਜ ਦਾ ਮੁਖੀ ਹੈ ਤੇ ਦੇਸ਼ ਦਾ ਪ੍ਰਤੀਨਿਧ ਹੈ, ਪਰ ਉਹ ਦੇਸ਼ ਉੱਪਰ ਮਨ-ਮਰਜੀ ਰਾਜ ਨਹੀਂ ਕਰਦਾ ।

ਸਾਡੇ ਵਿਧਾਨ ਅਨੁਸਾਰ ਜਿਸ ਸਭਾ ਨੇ ਸਾਰੇ ਦੇਸ਼ ਦਾ ਪਰਬੰਧ ਕਰਨਾ ਹੈ, ਉਸਦਾ ਨਾਂ ਪਾਰਲੇਮਿੰਟ ਜਾਂ ਵਿਧਾਨ-ਮੰਡਲ ਹੈ । ਰਾਸ਼ਟਰਪਤੀ ਅਤੇ ਦੋ ਕਨੂੰਨ-ਘੜਨੀਆਂ ਸਭਾਵਾਂ ਰਲ ਕੇ ਪਾਰਲੇਮਿੰਟ ਬਣਾਉਂਦੀਆਂ ਹਨ । ਇਹ ਸਭਾਵਾਂ ਹਨ— ਲੋਕ-ਸਭਾ ਤੇ ਰਾਜ-ਸਭਾ ।

ਰਾਜ-ਸਭਾ ਵਿੱਚ ਵੱਖ ਵੱਖ ਰਾਜਾਂ ਦੇ ਪ੍ਰਤਿਨਿਧ ਹੁੰਦੇ ਹਨ। ਇਸ ਦੇ ਢਾਈ ਸੌ ਮੈਂਬਰ ਹਨ । ਇਨ੍ਹਾਂ ਵਿੱਚੋਂ ਬਾਰਾਂ ਨੂੰ ਰਾਸ਼ਟਰਪਤੀ ਚੁਣਦਾ ਹੈ । ਬਾਕੀ ਦੇ ਮੈਂਬਰ ਵੱਖ ਵੱਖ ਰਾਜਾਂ ਵੱਲੋਂ ਚੁਣੇ ਜਾਂਦੇ ਹਨ । ਹਰ ਦੂਜੇ ਸਾਲ ਇਨ੍ਹਾਂ ਵਿੱਚੋਂ ਤੀਜਾ ਹਿੱਸਾ ਮੈਂਬਰ ਹਟ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਹੋਰ ਚੁਣੇ ਜਾਂਦੇ ਹਨ ।

ਲੋਕ-ਸਭਾ ਦੇ ਕੁੱਲ ਪੰਜ ਸੌ ਮੈਂਬਰ ਹਨ । ਇਨ੍ਹਾਂ ਦੀ ਚੋਣ ਆਮ ਜਨਤਾ ਕਰਦੀ ਹੈ । ਇਹ ਚੋਣਾਂ ਹਰ ਪੰਜੀਂ ਸਾਲੀਂ ਹੋਇਆ ਕਰਦੀਆਂ ਹਨ ।

ਜਦ ਨਵੀਂ ਪਾਰਲੇਮਿੰਟ ਚੁਣੀ ਜਾਵੇ, ਤਾਂ ਮੈਂਬਰਾਂ ਵਿਚੋਂ ਇਕ ਨੂੰ ਰਾਸ਼ਟਰਪਤੀ ਦੇਸ਼ ਦਾ ਮੁਖ-ਮੰਤਰੀ ਚੁਣਦਾ ਹੈ । ਪਾਰਲੇਮਿੰਟ ਵਿੱਚ ਜਿਸ ਪਾਰਟੀ ਦੇ ਬਹੁਤੇ ਮੈਂਬਰ ਹੋਣ, ਉਸ ਪਾਰਟੀ ਦੇ ਆਗੂ ਨੂੰ ਮੁਖ-ਮੰਤਰੀ ਚੁਣਿਆ ਜਾਂਦਾ ਹੈ । ਮੁਖ-ਸੰਤਰੀ ਦੀ ਸਲਾਹ ਨਾਲ ਰਾਸਟਰਪਤੀ ਹੋਰ ਮੰਤਰੀ ਚੁਣਦਾ ਹੈ । ਇਹ ਸਭ ਰਲ ਕੇ ਮੰਤਰੀ-ਮੰਡਲ ਬਣਾਉਂਦੇ ਹਨ । ਇਹ ਮੰਤਰੀ-ਮੰਡਲ ਹੀ ਦੇਸ਼ ਦੀ

ਸਰਕਾਰ ਹੁੰਦਾ ਹੈ ।

ਭਾਰਤ ਬਹੁਤ ਵੱਡਾ ਦੇਸ਼ ਹੈ । ਇਸ ਕਰਕੇ ਦੇਸ਼ ਨੂੰ ਰਾਜਾਂ ਵਿੱਚ ਵੰਡਿਆ ਗਿਆ ਹੈ । ਇਨ੍ਹਾਂ ਰਾਜਾਂ ਵਿੱਚ ਆਪੋ ਆਪਣੀਆਂ ਕਨੂੰਨ-ਘੜਨੀਆਂ ਸਭਾਵਾਂ ਹਨ । ਸਾਰੇ ਰਾਜ ਇਕੋ ਜਿੱਡੇ ਨਹੀਂ, ਇਸ ਕਰਕੇ ਰਾਜਾਂ ਦੀਆਂ ਕਨੂੰਨ-ਘੜਨੀਆਂ ਸਭਾਵਾਂ ਵੀ ਇੱਕੋ ਜਿੱਡੀਆਂ ਨਹੀਂ । ਛੋਟੇ ਤੋਂ ਛੋਟੇ ਰਾਜ ਦੀ ਸਭਾ ਦੇ ਪੰਜਾਹ ਮੈਂਬਰ ਹੋ ਸਕਦੇ ਹਨ । ਵੱਡੇ ਤੋਂ ਵੱਡੇ ਦੀ ਸਭਾ ਦੇ ਸਾਢੇ ਚਾਰ ਸੌ ਮੈਂਬਰ ਹਨ । ਇਨ੍ਹਾਂ ਮੈਂਬਰਾਂ ਨੂੰ ਲੋਕੀਂ ਵੋਟਾਂ ਪਾ ਕੇ ਚੁਣਦੇ ਹਨ । ਇਹ ਪੰਜ ਸਾਲਾਂ ਲਈ ਚੁਣੇ ਜਾਂਦੇ ਹਨ । ਹਰੇਕ ਨਾਗਰ ਜੋ ਇੱਕੀਆਂ ਸਾਲਾਂ ਜਾਂ ਵੱਧ ਉਮਰ ਦਾ ਹੋਵੇ, ਵੋਟਰ ਬਣ ਸਕਦਾ ਹੈ ਤੇ ਇਨ੍ਹਾਂ ਮੈਂਬਰਾਂ ਦੀ ਚੋਣ ਵਿੱਚ ਹਿੱਸਾ ਲੈ ਸਕਦਾ ਹੈ ਤੇ ਆਪ ਵੀ ਖੜਾ ਹੋ ਸਕਦਾ ਹੈ ।

ਰਾਜ ਦੇ ਮੁਖ-ਅਧਿਕਾਰੀ ਨੂੰ ਰਾਜਪਾਲ ਜਾਂ ਗਵਰਨਰ ਆਖਦੇ ਹਨ । ਗਵਰਨਰਾਂ ਨੂੰ ਰਾਸ਼ਟਰਪਤੀ ਚੁਣਦਾ ਹੈ । ਕਨੂੰਨ-ਘੜਨੀ ਸਭਾਵਾਂ ਦੇ ਮੈਂਬਰਾਂ ਵਿੱਚੋਂ ਇਕ ਨੂੰ ਗਵਰਨਰ ਰਾਜ ਦਾ ਮੁਖ-ਮੰਤਰੀ ਚੁਣਦਾ ਹੈ । ਜਿਸ ਪਾਰਟੀ ਦੇ ਮੈਂਬਰ ਸਭ ਤੋਂ ਬਹੁਤੇ ਹੋਣ, ਉਸਦਾ ਮੁਖੀ ਹੀ ਮੁਖ-ਮੰਤਰੀ ਬਣਦਾ ਹੈ । ਮੁਖ-ਮੰਤਰੀ ਦੀ ਸਲਾਹ ਨਾਲ ਗਵਰਨਰ ਹੋਰ ਮੰਤਰੀ ਤੇ ਉਪਮੰਤਰੀ ਚੁਣਦਾ ਹੈ । ਮੁਖ-ਮੰਤਰੀ ਤੇ ਉਪਮੰਤਰੀ ਰਲ ਕੇ ਰਾਜ ਦਾ ਮੰਤਰੀ-ਮੰਡਲ ਬਣਾਉਂਦੇ ਹਨ । ਰਾਜ ਦੀ ਸਰਕਾਰ ਇਸ ਮੰਤਰੀ-ਮੰਡਲ ਦੇ ਹੱਥ ਵਿੱਚ ਹੁੰਦੀ ਹੈ ।

ਇਹ ਹੈ ਸਾਡੇ ਆਜਾਦ ਦੇਸ਼ ਦਾ ਲੋਕ-ਰਾਜੀ ਰਾਜ-ਪਰਬੰਧ ।

7.1 Phrases:

ਉਹ ਦੇਸ਼ ਉਪੱਰ ਮਨ-ਮਰਜੀ ਰਾਜ ਨਹੀਂ ਕਰਦਾ।	he does not rule the country arbitrarily
ਇਹ ਚੋਣਾਂ ਹਰ ਪੰਜੀਂ ਸਾਲੀਂ ਹੋਇਆ ਕਰਦੀਆਂ ਹਨ।	these elections are held every five years

ਇਸ ਕਰਕੇ	therefore
ਵੱਡੇ ਤੋਂ ਵੱਡੇ ਦੀ ਸਭਾ ਦੇ ਸਾਢੇ ਚਾਰ ਸੌ ਮਿੰਬਰ ਹਨ।	the largest assembly has 450 members
ਉਨ੍ਹਾਂ ਨੂੰ ਗਵਰਨਰ ਆਖਦੇ ਹਨ।	they are called Governor

7.2 Vocabulary

ਅਧਿਕਾਰੀ	officer, ruler(m.)
ਅਨੁਸਾਰ	according to
ਆਗੂ	leader, guide (m.)
ਆਜਾਦ (ਆਜ਼ਾਦ)	free
ਆਮ	general, common
ਇਕੋ ਜਿੱਡੇ	alike
ਉਪਮੰਤਰੀ	deputy minister (m.)
ਉੱਪਰ	over, above
ਉਮਰ	age (f.)
ਸਭਾ	assembly (f.)
ਸਰਕਾਰ	government (f.)
ਸਲਾਹ	advice, counsel (f.)
ਸਾਢੇ	... and a half
ਸਾਢੇ ਚਾਰ	four and a half
ਸਾਲ	year (m.)
ਹਟਣਾ	to go back, return, withdraw
ਹਟ ਜਾਣਾ	to return, withdraw (here, retire)
ਹਰੇਕ	everyone, every
ਕਨੂੰਨ	law (m.)
ਕਨੂੰਨ-ਘੜਨੀ ਸਭਾ	legislative assembly (f.)

ਕੁੱਲ	altogether
ਖੜਾ ਹੋਣਾ	to stand, to run for office
ਗਵਰਨਰ	Governor (m.)
ਘੜਨਾ	to make, fashion, form
ਚੁਣਨਾ	to elect, select
ਚੁਣਿਆ ਜਾਣਾ	to be elected
ਚੋਣ	election (f.)
ਜਨਤਾ	public (f.)
ਜਿੱਡਾ	like
ਢਾਈ	two and a half
ਢਾਈ ਸੌ	250
ਤੀਜਾ	third
ਨਾਂ	= ਨਾਮ
ਨਾਗਰ	citizen (m.)
ਪ੍ਰਤੀਨਿਧ	representative (m.)
ਪਰਬੰਧ	management (m.)
ਪਾਉਣਾ	to cast, pour, put, find
ਪਾਰਟੀ	political party (f.)
ਪਾਰਲੇਮਿੰਟ	Parliament (m.)
ਬਾਕੀ (ਦੇ)	remaining
ਮੰਡਲ	circle (m.)
ਮੰਤਰੀ	minister (m.)
ਮੰਤਰੀ-ਮੰਡਲ	ministerial cabinet (m.)
ਮਨ-ਮਰਜੀ	wilfull, capricious
ਮੁਖ-ਮੰਤਰੀ	Chief Minister, Prime Minister (m.)
ਮੁਖੀ	chief, principal
ਰਲਨਾ	to be joined, to meet, mix, agree

ਰਾਜ-ਸਭਾ	Rajya Sabha, upper house of Indian Parliament (f.)
ਰਾਜ ਕਰਨਾ	to rule, govern
ਰਾਜ-ਪਰਬੰਧ	governing (lit., management of the state) (m.)
ਰਾਜਪਾਲ	Governor (m.)
ਰਾਸ਼ਟਰਪਤੀ	President (m.)
ਲੋਕ-ਸਭਾ	Lok Sabha, lower house of Indian Parliament (f
ਵੱਡਣਾ	to divide
ਵੱਡਿਆ ਜਾਣਾ	to be divided
ਵਿਧਾਨ	= ਸੰਵਿਧਾਨ
ਵਿਧਾਨ-ਮੰਡਲ	Parliament (m.)
ਵੋਟ	vote (f.)
ਵੋਟਰ	voter (m.)

7.3 Answer the following questions in Panjabi:

੧. ਸਾਡੇ ਵਿਧਾਨ ਅਨੁਸਾਰ ਦੇਸ਼ ਦਾ ਮੁਖ ਅਧਿਕਾਰੀ ਕੌਣ ਹੈ?
੨. ਰਾਸ਼ਟਰਪਤੀ ਦੀ ਚੋਣ ਕਿਵੇਂ ਹੁੰਦੀ ਹੈ?
੩. ਸਾਡੇ ਵਿਧਾਨ ਅਨੁਸਾਰ ਕਿਹੜੀ ਸਭਾ ਰਾਜ-ਪਰਬੰਦ ਕਰਦੀ ਹੈ?
੪. ਕੌਣ ਕੌਣ ਮਿਲ ਕੇ ਪਾਰਲੇਮਿੰਟ ਬਣਾਉਂਦੀਆਂ ਹਨ?
੫. ਕਹੂੰਨ ਘੜਨੀਆਂ ਸਭਾ ਦੇ ਕੀ ਨਾਂ ਹਨ?
੬. ਰਾਜ ਸਭਾ ਵਿੱਚ ਕਿੰਨੇ ਮੈਂਬਰ ਹੁੰਦੇ ਹਨ?
੭. ਰਾਸ਼ਟਰਪਤੀ ਕਿੰਨੇ ਮੈਂਬਰਾਂ ਨੂੰ ਚੁਣਦਾ ਹੈ?
੮. ਹਰ ਦੂਜੇ ਸਾਲ ਰਾਜ ਸਭਾ ਵਿੱਚੋਂ ਕਿਤਨੇ ਮੈਂਬਰ ਹਟ ਜਾਂਦੇ ਹਨ?
੯. ਲੋਕ ਸਭਾ ਦੇ ਕਿਤਨੇ ਮੈਂਬਰ ਹੁੰਦੇ ਹਨ?
੧੦. ਲੋਕ ਸਭਾ ਦੇ ਮੈਂਬਰਾਂ ਦੀ ਚੋਣ ਕਿਵੇਂ ਹੁੰਦੀ ਹੈ?
੧੧. ਲੋਕ ਸਭਾ ਦੇ ਮੈਂਬਰਾਂ ਦੀ ਚੋਣ ਕਦੋਂ ਹੁੰਦੀ ਹੈ?
੧੨. ਸਾਡੇ ਦੇਸ਼ ਦਾ ਮੁਖ-ਮੰਤਰੀ ਕਿਵੇਂ ਬਣਦਾ ਹੈ?
੧੩. ਦੇਸ਼ ਨੂੰ ਰਾਜਾਂ ਵਿੱਚ ਕਿਉਂ ਵੱਡੀਆ ਗਿਆ ਹੈ?
੧੪. ਰਾਜਾਂ ਦੇ ਕੀ ਹੱਕ ਹਨ?

7.4 Translate into Panjabi:

1. The President is the chief executive of America.
2. The President is elected by the votes of the people.
3. The Prime Minister is the leader of the majority party in the Parliament.
4. One third of the members of the Rajya Sabha are removed every two years.
5. How many members are elected to the U. S. Congress?
6. Elections take place every five years.
7. Anyone who is twenty years old can become a voter.
8. According to the constitution, the chief of state is the queen or king.
9. These assemblies are the lower house and the upper house.
10. In the upper house there are representatives of the different states.
11. In all there are five hundred members of the Lok Sabha.
12. From the members, some are appointed ministers.
13. With the advice of the senate the President appoints the members of his cabinet.
14. The head of a state is called a governor.
15. The governor is elected in America, but in India he is appointed by the President.

7.5 Fill in the blanks:

੧. ਸਾਡੇ ਵਿਧਾਨ —— ਸਾਡੇ ਦੇਸ਼ ਦਾ —— ਰਾਸ਼ਟਰਪਤੀ ਹੈ ।
੨. ਉਸ ਨੂੰ —— ਜਾਂਦਾ ਹੈ।
੩. ਉਸਦੀ ਚੋਣ ਸਾਰੇ —— —— ਪਾਕੇ ਨਹੀਂ ——।
੪. ਅਸੀਂ ਲੋਕਾਂ ਨੂੰ —— ਪ੍ਰਤੀਨਿਧ —— —— ਸਭਾਂ ਵਿੱਚ ਭੇਜਦੇ ——।
੫. ਉਹ ਪ੍ਰਤੀਨਿਧ ਦੇਸ਼ ਦੇ —— ਦੀ ਚੋਣ ਕਰਦੇ ਹਨ।
੬. ਰਾਸ਼ਟਰਪਤੀ ਰਾਜ ਦਾ —— ਹੈ।
੭. ਜਿਸ —— ਨੇ ਸਾਰੇ ਦੇਸ਼ ਦਾ —— ਕਰਨਾ ਹੈ, —— ਦਾ ਨਾਂ —— ਹੈ।
੮. —— ਤੇ ਦੋ ਕਨੂੰਨ-ਘੜਨੀਆਂ —— —— ਕੇ ਪਾਰਲੇਮਿੰਟ —— ਹਨ।
੯. ਇਹ ਸਭਾਵਾਂ ਹਨ : —— ਤੇ —— ।
੧੦. ਰਾਜ ਸਭਾ ਵਿੱਚ —— —— ਰਾਜਾਂ ਦੇ —— ਹੁੰਦੇ ਹਨ।
੧੧. ਇਸ ਦੇ —— ਮੈਂਬਰ ਹਨ।
੧੨. ਬਾਰਾਂ —— —— ਰਾਸ਼ਟਰਪਤੀ —— ਹੈ।
੧੩. ਹਰ —— —— ਰਾਸ਼ਟਰਪਤੀ —— ਹੈ।
੧੪. ਉਨ੍ਹਾਂ ਦੀ —— ਹੋਰ ਚੁਣੇ —— ——।
੧੫. ਲੋਕ ਸਭਾ ਦੇ —— ਦਾ ਚੋਣ —— —— ਕਰਦੀ ਹੈ।
੧੬. ਇਹ ਚੋਣਾਂ ਹਰ —— —— ਹੋਇਆਂ —— ਹਨ।
੧੭. ਪਾਰਲੇਮਿੰਟ —— ਜਿਸ ਪਾਰਟੀ ਦੇ ਬਹੁਤੇ —— ਚੋਣ, —— ਦੇ ਆਗੂ ——
ਮੁਖ-ਮੰਤਰੀ ਚੁਣਿਆ ਜਾਂਦਾ ਹੈ।
੧੮. ਇਹ ਸਭ —— ਮੰਤਰੀ-ਮੰਡਲ ਬਣਾਉਂਦੇ ਹਨ।
੧੯. ਦੇਸ਼ ਨੂੰ ਰਾਜਾਂ —— —— ਗਿਆ ਹੈ।
੨੦. ਸਾਰੇ ਰਾਜ ਇਕੋ —— ਨਹੀਂ।
੨੧. ਮੁਖ-ਮੰਤਰੀ ਦੀ —— ਨਾਲ ਗਵਰਨਰ —— ਮੰਤਰੀ ਤੇ —— ਚੁਣਦਾ ਹੈ।

7.6 The Verb ਹੋਣਾ :

The verb ਹੋਣਾ is used with the meaning of the English verb "to be" in two different forms: the choice of form depends upon the duration of time expressed in the statement.

(1) If a condition exists at a given point in time, in the present or in the past, the following form is used:*

	Present		Past			
			m.	f.	m.	f.
1	ਹਾਂ	ਹਾਂ	ਸਾਂ	ਸੀ	ਸਾਂ	ਸੀਆਂ
2	ਹੈਂ	ਹੋ	ਸਾਂ	ਸੀ	ਸਉ	ਸੀਆਂ
3	ਹੈ	ਹਨ	ਸੀ	ਸੀ	ਸਨ	ਸਨ(ਸੀਆਂ)

For example: ਉਹ ਕੁੜੀ ਸੋਹਣੀ ਹੈ। "That girl is beautiful"

(2) If a condition exists for a long period of time, or if the condition is in the very nature of the thing spoken about, the above forms are used in combination with the present participle of the verb ਹੋਣਾ , which is ਹੁੰਦਾ (like other present participles it is inflected according to gender and number in this usage).

For example: ਕੁੜੀਆਂ ਸੋਹਣੀਆਂ ਹੁੰਦੀਆਂ ਹਨ। "Girls are beautiful" (i.e., it is in their nature to be beautiful)

Keeping this difference in mind, translate the following sentences into Panjabi:

1. There are 500 members in the Lok Sabha now.
2. According to the Constitution there are 500 members in the Lok Sabha.
3. I was sick yesterday.
4. Every morning I was sick.
5. He is happy.
6. He is happy when he sees a friend.
7. Children are small.

---

*Only the more common forms are listed here: there are a number of variants, particularly in the 3rd person singular present, some of which are given in the Appendix.

8. Crows are black.
9. Those birds in the field are black.
10. A fox is always clever.

[*] adapted from ਕਰਤਾਰ ਸਿੰਘ, ਪਰਮਾਣੀਕ ਪੰਜਾਬੀ ਵਿਆਕਰਣ ਤੇ ਲਿਖਤ ਰਚਨਾ, ਲੂਧਿਆਣਾ, ੧੯੬੨, ੫੮੨–੫੮੪.

UNIT VIII

ਮਹਾਤਮਾ ਗਾਂਧੀ*

ਮਹਾਤਮਾ ਗਾਂਧੀ ਜੀ ਨੂੰ ਸਾਰੇ ਸੰਸਾਰ ਦੇ ਲੋਕ ਜਾਣਦੇ ਹਨ। ਉਨ੍ਹਾਂ ਨੇ ਭਾਰਤ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਇਆ। ਗਾਂਧੀ ਜੀ ਦਾ ਜਨਮ ੨ ਅਕਤੂਬਰ, ੧੮੬੯ ਨੂੰ ਭਾਰਤ ਦੀ ਇਕ ਰਿਆਸਤ ਪੋਰਬੰਦਰ ਵਿੱਚ ਹੋਇਆ। ਗਾਂਧੀ ਜੀ ਸ਼ੁਰੂ ਤੋਂ ਹੀ ਉੱਚੇ ਆਦਰਸ਼ਾਂ ਵਾਲੇ ਸਨ। ਵਿੱਦਿਆਰਥੀ ਜੀਵਨ ਵਿੱਚ ਹੀ ਉਨ੍ਹਾਂ ਹਮੇਸ਼ਾਂ ਸੱਚ ਬੋਲਣ ਦਾ ਪ੍ਰਣ ਕਰ ਲਿਆ ਸੀ।

ਦਸਵੀਂ ਕਰਨ ਤੋਂ ਪਹਿਲਾਂ ਹੀ ਆਪ ਦੇ ਪਿਤਾ ਜੀ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਕਈ ਮਜ਼ਬੂਰੀਆਂ ਦੇ ਹੁੰਦੇ ਹੋਏ ਵੀ ਆਪ ਨੇ ਪੜ੍ਹਾਈ ਜਾਰੀ ਰੱਖੀ। ਦਸਵੀਂ ਪਾਸ ਕਰਨ ਤੋਂ ਮਗਰੋਂ ਰਿਸ਼ਤੇਦਾਰਾਂ ਤੇ ਬਰਾਦਰੀ ਦੀ ਵਿਰੋਧਤਾ ਦੇ ਬਾਵਜੂਦ ਆਪ ਪਤਨੀ ਦੇ ਗਹਿਣੇ ਵੇਚ ਕੇ ਬੈਰਿਸਟਰੀ ਦੀ ਪ੍ਰੀਖਿਆ ਪਾਸ ਕਰਨ ਲੰਡਨ ਗਏ। ਬੈਰਿਸਅਰੀ ਪਾਸ ਕਰਨ ਤੋਂ ਬਾਦ ਆਪ ਨੇ ਭਾਰਤ ਵਿੱਚ ਆ ਕੇ ਵਕਾਲਤ ਕਰਨੀ ਸ਼ੁਰੂ ਕੀਤੀ, ਪਰ ਬਹੁਤ ਸਫਲਤਾ ਪ੍ਰਾਪਤ ਨਾ ਹੋਈ। ਉਹ ਫਿਰ ਦੱਖਣੀ ਅਫ਼ਰੀਕਾ ਵਿੱਚ ਉਨ੍ਹਾਂ ਹਿੰਦੀਆਂ ਉਤੇ ਜ਼ੁਲਮ ਹੁੰਦੇ ਵੇਖੇ। ਅੰਗਰੇਜ਼ ਲੋਕ ਆਪਣੇ ਆਪ ਨੂੰ ਬਹੁਤ ਵੱਡੇ ਤੇ ਹਿੰਦੀਆਂ ਨੂੰ ਬਹੁਤ ਨੀਚ ਸਮਝਦੇ ਸਨ। ਇਹ ਗਾਂਧੀ ਜੀ ਬਰਦਾਸ਼ਤ ਨਾ ਕਰ ਸਕੇ ਅਤੇ ਛੇਤੀ ਹੀ ਉਥੋਂ ਦੇ ਸਾਰੇ ਹਿੰਦੀਆਂ ਨੂੰ "ਕਾਂਗਰਸ" ਨਾਂ ਦੀ ਇਕ ਜਬੇਬੰਦੀ ਹੇਠ ਇੱਕਠਾ ਕਰਨਾ ਸ਼ੁਰੂ ਕਰ ਦਿੱਤਾ। ਆਪ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਸ਼ਾਂਤਮਈ ਮਾਰਗ ਅਪਣਾਉਣ ਨਾਲ ਆਜ਼ਾਦੀ ਛੇਤੀ ਮਿਲ ਸਕਦੀ ਹੈ।

"ਅਹਿੰਸਾ" ਦਾ ਅਸੂਲ ਸਾਹਮਣੇ ਰੱਖਕੇ ਆਪ ਨੇ ਦੱਖਣੀ ਅਫ਼ਰੀਕਾ ਵਿੱਚ ਹੀ ਸਤਿਆਗ੍ਰਹਿ ਕਰਨੇ ਸ਼ੁਰੂ ਕਰ ਦਿੱਤੇ। ਕਨੂੰਨ ਭੰਗ ਕਰਨ ਜਾਂ ਸਤਿਆਗ੍ਰਹਿ ਕਰਨ ਬਦਲੇ ਆਪ ਨੂੰ ਕਈ ਵਾਰੀ ਜੇਲ੍ਹ ਜਾਣਾ ਪਿਆ।

ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ੪੫ ਸਾਲਾਂ ਦੀ ਉਮਰ ਵਿੱਚ ਭਾਰਤ ਵਾਪਸ ਆਏ। ਭਾਰਤ ਵਿੱਚ ਆਕੇ ਉਨ੍ਹਾਂ ਅੰਗਰੇਜ਼ ਹਾਕਮਾਂ ਵਿਰੁਧ ਫਿਰ ਸਤਿਆਗ੍ਰਹਿ ਕਰਨੇ ਅਰੰਭ ਕਰ ਦਿੱਤੇ। ਕਈ ਵਾਰ ਮਰਨ-ਵਰਤ ਰੱਖੇ ਅਤੇ ਕੈਦ ਹੋਏ। ਅੰਤ ੧੯੪੭ ਵਿੱਚ ਉਨ੍ਹਾਂ ਦੀ ਅਗਵਾਈ ਅਧੀਨ ਭਾਰਤ ਆਜ਼ਾਦ ਹੋ ਗਿਆ। ਜੇ ਅਸੀਂ ਗਾਂਧੀ ਜੀ ਦੇ ਅਸੂਲ ਤੇ ਨਾ ਚਲਦੇ ਤਾਂ ਸਾਡਾ ਭਾਰਤ ਅਜੇ ਤਕ ਗੁਲਾਮ ਹੀ ਰਹਿਣਾ ਸੀ।

8.1 Phrases:

ਗਾਂਧੀ ਜੀ ਉੱਚੇ ਆਦਰਸ਼ਾਂ ਵਾਲੇ ਸਨ।	Gandhi ji was a man of high ideals.
ਅੰਗਰੇਜ਼ ਲੋਕ ਆਪਣੇ ਆਪ ਨੂੰ ਬਹੁਤ ਵੱਡੇ ਤੇ ਹਿੰਦੀਆਂ ਨੂੰ ਬਹੁਤ ਨੀਚ ਸਮਝਦੇ ਸਨ।	English people regarded themselves very high and Indians as very low.
ਹਿੰਦੀਆਂ ਨੂੰ "ਕਾਂਗਰਸ" ਨਾਂ ਦੀ ਇਕ ਜਥੇਬੰਦੀ ਹੇਠ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।	(He) began to unite Indians under an organization named Congress.
"ਅਹਿੰਸਾ" ਦਾ ਅਸੂਲ ਸਾਹਮਣੇ ਰਖਕੇ	Having the principle of non-violence in front of (him).

8.2 Vocabulary:

ਅਸੂਲ	principle (m.)
ਅਹਿੰਸਾ	non-violence (f.)
ਅਕਤੂਬਰ	October (m.)
ਅੰਗਰੇਜ਼	Englishman (m.)
ਅਗਵਾਈ	leadership (f.)
ਅਜੇ ਤਕ	until today, upto now
ਅਧੀਨ	subjugated
ਅਪਣਾਉਣਾ	to employ

ਅਰੰਭ	beginning(m.)
ਅਰੰਭ ਕਰਨਾ	to begin (transitive)
ਆਜ਼ਾਦੀ	freedom, independence (f.)
ਆਦਰਸ਼	ideal (m.)
ਇਕੱਠਾ ਕਰਨਾ	to gather, to unite
ਉਤੇ	on
ਸੰਸਾਰ	world (m.)
ਸੱਚ	truth (m.)
ਸਤਿਆਗ੍ਰਹਿ	Satyagraha (m.)
ਸਦੀਵੀ	eternal, everlasting
ਸਫਲਤਾ	success (f.)
ਸਾਹਮਣੇ	in front
ਸ਼ਾਂਤਮਈ	peaceful
ਸ਼ੁਰੂ	beginning (adj.)
ਸ਼ੁਰੂ ਕਰਨਾ	to begin
ਹਮੇਸ਼ਾਂ	always
ਹਾਕਮ	officer (m.)
ਹਿੰਦੀ	=ਹਿੰਦੁਸਤਾਨੀ, Indian (m.)
ਹੇਠ	under
ਕਈ	many, some, several
ਕਬਜ਼ਾ	control (m.)
ਕਰਵਾਉਣਾ	to cause to be done
ਕਾਂਗਰਸ	Congress (m.)
ਕੈਦ ਹੋਣਾ	to be jailed
ਗਹਿਣਾ	ornament (m.)
ਗੁਲਾਮ	slave (m.)
ਛੇਤੀ (ਹੀ)	soon

ਜਥੇਬੰਦੀ	party (f.)
ਜਨਮ	birth (f.)
ਜਾਰੀ ਰੱਖਣਾ	to continue
ਜ਼ੁਲਮ	tyranny (m.)
ਜੇਲ੍ਹ	jail (f.)
ਦਸਵੀਂ	tenth, high school examination (f.)
ਦੱਖਣੀ	southern , south
ਨਾਂ	name (m.)
ਨੀਚ	low
ਪੱਕਾ	firm
ਪ੍ਰੀਖਿਆ	examination (f.)
ਪੜ੍ਹਾਈ	study, education (f.)
ਪਾਸ ਕਰਨਾ	to pass (an examination)
ਪਿਆ	past absolute of ਪੈਣਾ, had to
ਫਿਰ	= ਫੇਰ
ਬਦਲੇ	in return for, for
ਬਰਦਾਸ਼ਤ ਕਰਨਾ	to tolerate
ਬਰਾਦਰੀ	community, kinfolk, members of the same caste (f.)
(ਤੋਂ) ਬਾਦ	after
(ਦੇ) ਬਾਵਜੂਦ	despite
ਬੈਰਿਸਟਰੀ	degree of Bar-at-Law, job of a barrister (f.)
ਭੰਗ ਕਰਨਾ	to break
ਮਹਾਤਮਾ	Mahatma, great soul (m.)
ਮਜ਼ਬੂਰੀ	helplessness (f.)
ਮਰਨ-ਵਰਤ	fast unto death (m.)
ਮਾਰਗ	path, way (m.)
ਰਿਆਸਤ	princely state (f.)

ਰਿਸ਼ਤੇਦਾਰ	relative (m.)
ਲੰਡਨ	London (m.)
ਵਕਾਲਤ	law practice (f.)
ਵਰਤ ਰੱਖਣਾ	to fast
ਵਿਸ਼ਵਾਸ	belief (m.)
ਵਿਛੋੜਾ	separation (m.)
ਵਿੱਦਿਆਰਥੀ	student (m.)
ਵਿਰੁਧ	against, contrary to
ਵਿਰੋਧਤਾ	opposition (f.)
ਵੇਚਣਾ	to sell

8.3 Answer the following questions in Panjabi:

੧. ਮਹਾਤਮਾਂ ਗਾਂਧੀ ਜੀ ਨੂੰ ਸਾਰੇ ਸੰਸਾਰ ਦੇ ਲੋਕ ਕਿਉਂ ਜਾਣਦੇ ਹਨ?
੨. ਗਾਂਧੀ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
੩. ਵਿੱਦਿਆਰਥੀ ਜੀਵਨ ਵਿੱਚ ਹੀ ਗਾਂਧੀ ਜੀ ਨੇ ਕੀ ਪ੍ਰਣ ਕਰ ਲਿਆ ਸੀ ?
੪. ਦਸਵੀਂ ਕਰਨ ਤੋਂ ਮਗਰੋਂ ਆਪਨੇ ਕੀ ਕੀਤਾ?
੫. ਬੈਰਿਸਟਰੀ ਪਾਸ ਕਰਨ ਤੋਂ ਬਾਦ ਭਾਰਤ ਆ ਕੇ ਆਪ ਕੀ ਕਰਨ ਲੱਗੇ?
੬. ਕੀ ਉਨ੍ਹਾਂ ਨੂੰ ਵਕਾਲਤ ਵਿੱਚ ਸਫਲਤਾ ਪ੍ਰਾਪਤ ਹੋਈ?
੭. ਦੱਖਣੀ ਅਫ਼ਰੀਕਾ ਵਿੱਚ ਉਨ੍ਹਾਂ ਨੇ ਕੀ ਵੇਖਿਆ?
੮. ਦੱਖਣੀ ਅਫ਼ਰੀਕਾ ਵਿੱਚ ਹਿੰਦਿਆਂ ਨੂੰ ਇਕੱਠਾ ਕਰਨ ਲਈ ਗਾਂਧੀ ਜੀ ਨੇ ਕੀ ਕੀਤਾ ?
੯. ਆਪਦਾ ਆਜ਼ਾਦੀ ਪ੍ਰਾਪਤ ਕਰਨ ਲਈ ਕੀ ਵਿਸ਼ਵਾਸ ਸੀ?
੧੦. ਸਤਿਆਗ੍ਰਹਿ ਕਰਨ ਨਾਲ ਆਪ ਨੂੰ ਕੀ ਕਰਨਾ ਪਿਆ ?
੧੧. ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ਕਿਸ ਉਮਰ ਵਿੱਚ ਵਾਪਸ ਆਏ?
੧੨. ਭਾਰਤ ਆ ਕੇ ਉਨ੍ਹਾਂ ਨੇ ਆਜ਼ਾਦੀ ਲਈ ਕੀ ਕੀਤਾ ?
੧੩. ਭਾਰਤ ਨੂੰ ਆਜ਼ਾਦੀ ਕਦੋਂ ਪ੍ਰਾਪਤ ਹੋਈ?

8.4 Fill in the blanks:

੧. ਮਹਾਤਮਾਂ ਗਾਂਧੀ ਜੀ ਨੂੰ —— ਸੰਸਾਰ ਦੇ ਲੋਕ —— ਹਨ।

੨. ਉਨ੍ਹਾਂ ਨੇ ਭਾਰਤ ਨੂੰ —— ਕਰਵਾਇਆ।

੩. ਗਾਂਧੀ ਜੀ ਦਾ ਜਨਮ —— ਹੋਇਆ (give date)।

੪. ਗਾਂਧੀ ਜੀ ਉੱਚੇ —— ਵਾਲੇ ਸਨ।

੫. —— ਹਮੇਸ਼ਾ —— ਦਾ ਪ੍ਰਣ ਕੀਤਾ।

੬. ਪਿਤਾ ਜੀ ਪਰਿਵਾਰ ਨੂੰ ਮਦੀ ਵੀ —— ਦੇ ਗਏ।

੭. ਆਪ ਨੇ ਪੜ੍ਹਾਈ ਜਾਰੀ ——।

੮. ਭਾਰਤ ਵਿੱਚ ਆਕੇ —— ਕਰਨੀ —— ਕੀਤੀ।

੯. ਬਹੁਤ ਸਫਲਤਾ —— ਨਾ ਹੋਈ।

੧੦. —— ਅਫ਼ਰੀਕਾ ਵਿੱਚ —— ਹਿੰਦੀਆਂ ਉਤੇ ਜ਼ੁਲਮ —— ਦੇਖੇ।

੧੧. ਗਾਂਧੀ ਜੀ —— ਨਾ ਕਰ ਸੱਕੇ।

੧੨. ਹਿੰਦੀਆਂ ਨੂੰ "ਕਾਂਗਰਸ" —— —— ਇੱਕ ਜਥੇਬੰਦੀ —— ਇਕੱਠਾ ਕੀਤਾ।

੧੩. ਅਹਿੰਸਾ ਦਾ ਅਸੂਲ —— ਰੱਖਕੇ ਆਪਨੇ —— ਕਰਨੇ ਸ਼ੁਰੂ ——।

੧੪. ਸਤਿਆਗ੍ਰਹਿ ਕਰਨ —— ਆਪਨੂੰ —— ਜੇਲ੍ਹ ਜਾਣਾ ——।

੧੫. —— ਗਾਂਧੀ ਜੀ ਦੇ ਅਸੂਲ —— ਨਾ ਚਲਦੇ ਸਾਡਾ ਭਾਰਤ —— ਗੁਲਾਮ ਹੀ ਰਹਿਣਾ ਸੀ।

8.5 Translate into Panjabi:

1. The whole world knows Lincoln.

2. Washington freed America from the British.

3. He decided never to tell a lie.

4. Nehru was born on the 14th of November, 1889 in Allahabad.

5. After coming to India he began to practice law.

6. He did not achieve much success in that.

7. In South Africa he saw much tyranny.

8. He could not tolerate it and left the country.

9. He united the people under the party named Congress.
10. Soon he began to launch Satyagraha.
11. He worked for the freedom of India by peaceful means.
12. He was jailed many times.
13. Under the leadership of Gandhiji India became free in 1947.
14. We should follow his principles.

8.6 Use the following phrases in your own sentences:

ਉੱਚੇ ਆਦਰਸ਼ਾਂ ਵਾਲਾ
ਵਿੱਦਿਆਰਥੀ ਜੀਵਨ
ਹੁੰਦੇ ਹੋਏ ਵੀ
ਸਦਾਵੀ ਵਿਛੋੜਾ ਦੇ ਜਾਣਾ
ਦੇ ਬਾਵਜੂਦ
ਪ੍ਰੀਖਿਆ ਪਾਸ ਕਰਨਾ
ਸਤਿਆਗ੍ਰਹਿ ਕਰਨਾ
ਵਕਾਲਤ ਕਰਨਾ
ਨੀਚ ਸਮਝਣਾ
ਬਰਦਾਸ਼ਤ ਕਰਨਾ
ਸ਼ਾਂਤਮਈ ਮਾਰਗ
ਸਾਹਮਣੇ ਰਖਣਾ
ਅੱਜੇ ਤਕ
ਜਨਮ ਹੋਣਾ

8.7 In this lesson are many examples of the use of the verbs ਹੋਣਾ and ਕਰਨਾ with a noun or adjective. Where the noun or adjective is the same, compounds with ਹੋਣਾ are intransitive while those with ਕਰਨਾ are transitive. Learn the following and use them in your own sentences:

ਪ੍ਰਾਪਤ ਹੋਣਾ	to be obtained	ਪ੍ਰਾਪਤ ਕਰਨਾ	to receive, achieve
ਆਜ਼ਾਦ ਹੋਣਾ	to be free	ਆਜ਼ਾਦ ਕਰਨਾ	to free
ਸ਼ੁਰੂ ਹੋਣਾ	to begin (intr.)	ਸ਼ੁਰੂ ਕਰਨਾ	to begin (trans.)
ਇਕੱਠਾ ਹੋਣਾ	to be united	ਇਕੱਠਾ ਕਰਨਾ	to unite
ਭੰਗ ਹੋਣਾ	to break (intr.)	ਭੰਗ ਕਰਨਾ	to break (trans.)
ਕੈਦ ਹੋਣਾ	to be jailed	ਕੈਦ ਕਰਨਾ	to jail
ਵਿਸ਼ਵਾਸ ਹੋਣਾ	to be believed	ਵਿਸ਼ਵਾਸ ਕਰਨਾ	to believe

8.8 The pronoun ਆਪ is used in this selection in place of the usual ਉਹ to refer to Mahatma Gandhi. It is so used with a third person plural verb to ihdicate great respect for the person spoken about:

ਆਪ ਪੜ੍ਹਦੇ ਹਨ He reads

The pronoun ਉਹ is similarly used on occasion with a third person plural verb to indicate respect:

ਉਹ(ਓਹ) ਪੜ੍ਹਦੇ ਹਨ He reads

Compare the ordinary usage:

ਉਹ ਪੜ੍ਹਦਾ ਹੈ He reads

The pronoun ਆਪ is sometimes used in Panjabi to mean "you", rather than "he", and in this case it usually takes a second person plural vert, although it refers to a single person:

ਆਪ ਪੜ੍ਹਦੇ ਹੋ You read

Compare the ordinary respectful:

ਤੁਸੀਂ ਪੜ੍ਹਦੇ ਹੋ You read

And the intimate:

ਤੂੰ ਪੜ੍ਹਦਾ ਹੈਂ You read (thou readest)

Put the following sentences into the respectful and very respectful forms:

੧. ਉਹ ਬਹੁਤ ਸਿਆਣਾ ਹੈ।
੨. ਉਹ ਮਰਨ-ਵਰਤ ਰੱਖਦਾ ਸੀ।
੩. ਤੇਰਾ ਜਨਮ ਕਿੱਥੇ ਹੋਇਆ?
੪. ਤੂੰ ਭਾਰਤ ਤੋਂ ਕਦ ਆਇਆ?
੫. ਉਹ ਹੁਣ ਅਮਰੀਕਾ ਵਿੱਚ ਨਹੀਂ ਰਹਿੰਦਾ ਹੈ।

---

*ਪੰਜਾਬੀ ਬੋਧ, ਭਾਸ਼ਾ ਵਿਭਾਗ, ਪੰਜਾਬ, ੪੭–੪੮

UNIT IX

ਗੁਰੂ ਨਾਨਕ—੧ *

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਨੂੰ ਜਨਮ ਦੇਣ ਵਾਲੇ ਮਹਾਂ ਪੁਰਸ਼ ਹੋਏ ਹਨ। ਆਪ ਦਾ ਜਨਮ ਸੰ: ੧੫੨੬ ਬਿਕਰਮੀ ਵਿਚ ਲਾਹੌਰ ਤੋਂ ੩੦ ਕੁ ਮੀਲ ਇਕ ਪਿੰਡ ਰਾਏਭੋਇਦੀ ਤਲਵੰਡੀ ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਕਾਲੂ ਸੀ। ਉਹ ਤਲਵੰਡੀ ਵਿਚ ਪਟਵਾਰੀ ਸੀ। ਗੁਰੂ ਨਾਨਕ ਦੇਵ ਦੀ ਮਾਤਾ ਦਾ ਨਾਮ ਤ੍ਰਿਪਤਾ ਸੀ। ਆਪ ਦੀ ਕੇਵਲ ਇਕ ਵੱਡੀ ਭੈਣ ਸੀ, ਜਿਸ ਦਾ ਨਾਮ ਨਾਨਕੀ ਸੀ।

ਆਪ ਛੋਟੀ ਉਮਰ ਤੋਂ ਹੀ ਈਸ਼ਵਰ ਦੀ ਭਗਤੀ ਵਲ ਰੁਚੀ ਰਖਦੇ ਸਨ। ਇਸ ਭਗਤੀ ਤੋਂ ਆਪ ਦੇ ਪਿਤਾ ਦੇ ਮਨ ਨੂੰ ਦੁੱਖ ਹੁੰਦਾ ਸੀ ਕਿ ਉਸ ਦਾ ਪੁੱਤਰ ਸੰਸਾਰੀ ਕਾਰ ਵਿਚ ਦਿਲ ਨਹੀਂ ਲਗਾਦਾ ਤੇ ਸਾਧਾਂ ਸੰਤਾਂ ਮਗਰ ਲਗਾ ਰਹਿੰਦਾ ਹੈ। ਉਨ੍ਹਾਂ ਨੂੰ ਕਾਰ ਵਿਹਾਰ ਵਿਚ ਪਾਣ ਦੇ ਯਤਨ ਕਰਨੇ ਅਰੰਭ ਕੀਤੇ। ਇਕ ਵਾਰੀ ਉਨ੍ਹਾਂ ਨੇ ਨਾਨਕ ਜੀ ਨੂੰ ਵੀਹ ਰੁਪਏ ਦਿਤੇ ਕਿ ਕੋਈ ਵਣਜ ਕਰੇ। ਗੁਰੂ ਜੀ ਵੀਹ ਰੁਪਏ ਲੈ ਕੇ ਤਲਵੰਡੀ ਤੋਂ ਚੂਹੜਕਾਣੇ ਵਲ ਨੂੰ ਤੁਰ ਆਏ। ਇਥੇ ਉਨ੍ਹਾਂ ਦਿਨਾਂ ਵਿਚ ਸਦਾਵਰਤ ਲਗਾ ਹੋਇਆ ਸੀ ਜਿਸ ਵਿਚ ਦੂਰ ਨੇੜੇ ਤੋਂ ਲੋਕ ਸੀਦਾ ਆਟਾ, ਆਦਿ, ਲਿਆ ਕੇ ਦੇਂਦੇ ਸਨ, ਕਿਉਂਕਿ ਉਨ੍ਹਾਂ ਦਿਨਾਂ ਵਿਚ ਕਾਲ ਪਿਆ ਹੋਇਆ ਸੀ। ਨਾਨਕ ਜੀ ਦਾ ਮਨ ਕਾਲ ਤੇ ਪੀੜਤ ਲੋਕਾਂ ਨੂੰ ਦੇਖ ਕੇ ਇਤਨਾ ਪਸੀਜਿਆ ਕਿ ਉਨ੍ਹਾਂ ਨੇ ਉਹ ਵੀਹ ਦੇ ਵੀਹ ਰੁਪੈ ਸਦਾ ਵਰਤ ਵਿਚ ਆਟਾ ਸੀਦਾ ਖਰੀਦਣ ਲਈ ਦੇ ਦਿਤੇ।

ਹੋਰ ਵਣਜ ਹੁਣ ਕੀ ਕਰਨਾ ਸੀ? ਘਰ ਨੂੰ ਮੁੜ ਪਏ। ਪਿੰਡ ਦੇ ਨੇੜੇ ਆਏ ਤਾਂ ਘਰ ਜਾਣ ਨੂੰ ਹੌਸਲਾ ਨਾ ਪਵੇ। ਪਿਤਾ ਤੋਂ ਡਰਦੇ ਸਨ ਕਿ ਪੁਛੇਗਾ, ਵੀਹ ਰੁਪਏ ਦਾ ਕੀ ਵਣਜ ਕੀਤਾ ਹੈ? ਕਹਿੰਦੇ ਹਨ, ਇਸ ਗੱਲ ਤੋਂ ਪਿਤਾ ਕਾਲੂ ਨੇ ਆਪ ਨੂੰ ਚੁਪੇੜਾਂ ਵੀ ਮਾਰੀਆਂ।

ਹੋਰ ਵਡੇ ਹੋਏ ਤਾਂ ਆਪ ਦਾ ਵਿਆਹ ਹੋ ਗਿਆ। ਪਰ ਆਪ ਦਾ ਚਿੱਤ ਘਰ ਵਿਚ ਅਜੇ ਵੀ ਨਾ ਲੱਗਾ।

ਆਖ ਵੇਖ ਕੇ ਆਪਦਾ ਭਣਵਈਆ ਆਪਨੂੰ ਸੁਲਤਾਨਪੁਰ ਆਪਣੇ ਪਾਸ ਲੈ ਗਿਆ ਤੇ ਉਥੇ ਨਵਾਬ ਦੇ ਮੋਦੀਖ਼ਾਨੇ ਵਿਚ ਮੁਲਾਜ਼ਮ ਰਖਵਾ ਦਿਤਾ। ਉਥੇ ਵੀ ਆਪਦਾ ਦਿਲ ਨਾ ਲੱਗਾ। ਨਾਲੇ ਮੋਦੀਖ਼ਾਨੇ ਦੇ ਹੋਰ ਕਰਮਚਾਰੀਆਂ ਨੂੰ ਆਪ ਦੇ ਵਿਚ ਹੋਣ ਕਰਨੇ ਬੇਈਮਾਨੀ ਕਰਨ ਦਾ ਮੌਕਾ ਮਿਲਨਾ ਔਖਾ ਹੋ ਗਿਆ। ਸਾਰੇ ਆਪ ਦੇ ਵਿਰੋਧੀ ਹੋ ਗਏ। ਪਰ ਆਪ ਨੇ ਉਹ ਅਸਾਮੀ ਛੇਤੀ ਹੀ ਛੱਡ ਦਿਤੀ।

9.1 The following place names and personal names occur in the reading:

ਸੁਲਤਾਨਪੁਰ, ਲਾਹੌਰ, ਰਾਏਭੋਇਦੀ ਤਲਵੰਡੀ, ਚੂਹੜਕਾਣਾ।

ਕਾਲੂ (Na:nak's father), ਤ੍ਰਿਪਤਾ (Na:nak's mother), ਨਾਨਕੀ (Na:nak's sister), ਗੁਰੂ ਨਾਨਕ ਦੇਵ (Na:nak's full name).

9.2 Phrases:

ਸਾਧਾਂ ਸੰਤਾਂ ਮਗਰ ਲਗਾ ਰਹਿੰਦਾ ਸੀ।	continually followed sadhus and saints
ਉਸਦਾ ਪੁਤਰ ਸੰਸਾਰੀ ਕਾਰ ਵਿਚ ਦਿਲ ਨਹੀਂ ਲਗਾਂਦਾ ਸੀ।	his son was not interested in wordly affairs
ਜਦ ਨਾਨਕ ਜੀ ਕੁਝ ਵਡੇ ਹੋਏ	when Na:nak grew a little
ਪਿਤਾ ਨੇ ਉਨ੍ਹਾਂ ਨੂੰ ਕਾਰ ਵਿਹਾਰ ਵਿਚ ਪਾਣ ਦੇ ਯਤਨ ਕਰਨੇ ਅਰੰਭ ਕੀਤੇ	father began to try to get him into business
ਇਥੇ ਉਨ੍ਹਾਂ ਦਿਨਾਂ ਵਿਚ ਸਦਾਵਰਤ ਲਗਾ ਹੋਇਆ ਸੀ	here in those days 'sa:davart' was being held
ਉਥੇ ਕਾਲ ਪਿਆ ਹੋਇਆ ਸੀ	famine was occurring there
ਵੀਹ ਦੇ ਵੀਹ ਰੁਪੈ	all twenty rupees
ਆਟਾ ਸੀਦਾ ਖਰੀਦਣ ਲਈ	to buy flour and other staples
ਹੋਰ ਵਣਜ ਹੁਣ ਕੀ ਕਰਨਾ ਸੀ ?	now, what more business could be done?
ਘਰ ਜਾਣ ਨੂੰ ਹੌਸਲਾ ਨਾ ਪਵੇ	would not have courage to go home
ਕਹਿੰਦੇ ਹਨ	they say, it is said

ਨਵਾਬ ਦੇ ਮੋਦੀਖ਼ਾਨੇ ਵਿਚ ਮੁਲਾਜ਼ਮ ਰਖਵਾ ਦਿਤਾ	got him a job in the warehouse of a nabob
ਆਪ ਦੇ ਵਿਚ ਹੋਣ ਕਰਕੇ	because of his presence among (them)

9.3 Vocabulary:

ਅਸਾਮੀ	employment, post (f.)
ਅਜੇ ਵੀ	even now
ਆਖ	matter, thing (f.)
ਆਟਾ	four (m.)
ਆਦਿ	etcetera
ਔਖਾ	difficult
ਇਤਨਾ	so much
ਈਸ਼ਵਰ	God (m.)
ਸੰਤ	saint (m.)
ਸੰ:	= ਸੰਨ, year (of an era)
ਸੰਸਾਰੀ	= ਸੰਸਾਰ ਦਾ, worldly
ਸਦਾਵਰਤ	religious custom of distributing free food to sadhus and the poor (m.)
ਸਾਧ	sadhu, ascetic (m.)
ਸੀਦਾ	staple foods given in charity, such as flour, lentils, sugar, and salt (m.)
ਹੌਸਲਾ	courage (m.)
ਕਰਮਚਾਰੀ	worker, employee (m.)
ਕਾਰ	= ਕੰਮ
ਕਾਰ ਵਿਹਾਰ	business (m.)
ਕਾਲ	famine (m.)
ਕੁ	some, about, approximately

ਕੇਵਲ	only
ਖਰੀਦਣਾ	to buy
ਚਿੱਤ	heart (m.)
ਚਿੱਤ ਲੱਗਣਾ	to be interested
ਚੁਪੇੜ	slap (f.)
ਚੁਪੇੜ ਮਾਰਨਾ	to slap
(ਤੋਂ) ਡਰਨਾ	to fear, be afraid of
ਦੂਰ	far
ਨਵਾਬ	nabob (m.)
ਨਾਲੇ	moreover, besides
ਨੇੜੇ	near
ਪਸੀਜਣਾ	to melt (the heart), to be compassionate
ਪਟਵਾਰੀ	a village official (m.)
ਪਾਸ	near
ਪਾਣਾ	= ਪਾਉਣਾ
ਪੀੜਤ	miserable
ਪੁਛਣਾ	to ask
ਪੁਰਸ਼	man (m.)
ਬਿਕਰਮੀ	an era related to Vikram, beginning 67 B.C.
ਬੇਈਮਾਨੀ	dishonesty (f.)
ਭਗਤੀ	devotion (f.)
ਭਣਵਈਆ	sister's husband (m.)
ਭੈਣ	sister (f.)
ਮਗਰ	after
ਮਨ	heart, mind (m.)
ਮਾਤਾ	mother (f.)
ਮੁਲਾਜ਼ਮ	employee (m.)

ਮੁੜਨਾ	to turn back
ਮੁੜ ਪੈਣਾ	to turn back
ਮੋਦੀਖ਼ਾਨਾ	warehouse (m.)
ਮੌਕਾ	chance (m.)
ਯਤਨ	effort (m.)
ਰਖਵਾਉਣਾ	to cause to be kept
ਰਖਵਾ ਦੇਣਾ	to cause to be kept
ਰੁਚੀ	interest (f.)
ਵਣਜ	business (f.)
ਵਿਆਹ	marriage (m.)
ਵਿਹਾਰ	trade (m.)
ਵਿਰੋਧੀ	opponent, enemy (m.)

9. 4 Answer the following questions in Panjabi:

੧. ਸਿੱਖ ਧਰਮ ਨੂੰ ਜਨਮ ਦੇਣ ਵਾਲੇ ਕੌਣ ਹੋਏ ਹਨ?
੨. ਗੁਰੂ ਨਾਨਕ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ਸੀ?
੩. ਆਪ ਦੇ ਪਿਤਾ ਜੀ ਦਾ ਨਾਮ ਕੀ ਸੀ?
੪. ਉਨ੍ਹਾਂ ਦੇ ਪਿਤਾ ਜੀ ਕੀ ਕੰਮ ਕਰਦੇ ਸਨ ?
੫. ਆਪ ਦੀ ਮਾਤਾ ਦਾ ਕੀ ਨਾਂ ਸੀ?
੬. ਆਪ ਦੀ ਭੈਣ ਦਾ ਕੀ ਨਾਂ ਸੀ?
੭. ਛੋਟੀ ਉਮਰ ਤੋਂ ਹੀ ਗੁਰੂ ਨਾਨਕ ਜੀ ਦੀ ਰੁਚੀ ਕਿਸ ਦੇ ਵਲ ਸੀ?
੮. ਆਪ ਦੇ ਪਿਤਾ ਆਪ ਤੋਂ ਕਿਉਂ ਦੁਖੀ ਰਹਿੰਦੇ ਸਨ?
੯. ਗੁਰੂ ਨਾਨਕ ਜੀ ਦੇ ਪਿਤਾ ਜੀ ਨੇ ਉਨ੍ਹਾਂ ਦਾ ਮਨ ਭੁਲਾਣ ਲਈ ਕੀ ਯਤਨ ਕੀਤਾ ਸੀ?
੧੦. ਗੁਰੂ ਨਾਨਕ ਜੀ ਦੇ ਪਿਤਾ ਜੀ ਨੇ ਇਨ੍ਹਾਂ ਨੂੰ ਕਿੰਨੇ ਰੁਪਏ ਦਿੱਤੇ ਤੇ ਕਿਉਂ?
੧੧. ਗੁਰੂ ਨਾਨਕ ਜੀ ਉਨ੍ਹਾਂ ਦਾ ਕੀ ਕੀਤਾ?
੧੨. ਗੁਰੂ ਨਾਨਕ ਜੀ ਘਰ ਜਾਣ ਲਈ ਕਿਉਂ ਡਰਦੇ ਸਨ?
੧੩. ਘਰ ਵਿੱਚ ਪਿਤਾ ਜੀ ਨੇ ਕੀ ਕੀਤਾ?

੧੪. ਆਪ ਨੂੰ ਸੁਲਤਾਨਪੁਰ ਕੌਣ ਲੈ ਗਿਆ?
੧੫. ਸੁਲਤਾਨਪੁਰ ਕਿਸ ਕੰਮ ਤੇ ਆਪਨੂੰ ਲਗਾਇਆ ਗਿਆ?
੧੬. ਆਪ ਦੇ ਉੱਥੇ ਹੋਣ ਕਰਕੇ ਹੋਰ ਕਰਮਚਾਰੀਆਂ ਨੂੰ ਕਿਉਂ ਦੁੱਖ ਹੁੰਦਾ ਸੀ?
੧੭. ਆਪ ਨੇ ਉਹ ਅਸਾਮੀ ਕਦੋਂ ਛੱਡ ਦਿੱਤੀ?

9.5 Fill in the blanks:

੧. ਨਾਨਕ ਜੀ ਸਿੱਖ ਧਰਮ ਨੂੰ —— ਮਹਾਂ ਪੁਰਸ਼ ਹੋਏ ਹਨ।
੨. ਆਪਦਾ ਜਨਮ —— ਵਿੱਚ ਇੱਕ ਪਿੰਡ —— ਹੋਇਆ।
੩. ਉਹ ਤਲਵੰਡੀ —— ਪਟਵਾਰੀ ਸੀ।
੫. ਆਪ ਦੀ ਕੇਵਲ ਇੱਕ —— ਭੈਣ ਸੀ।
੬. ਆਪ —— ਤੋਂ ਹੀ ਈਸ਼ਵਰ ਦੀ ਭਗਤੀ ਵਲ —— ਸਨ।
੭. ਉਸਦੇਪਿਤਾ ਦੇ —— ਦੁਖ ਹੁੰਦਾ ਸੀ ਕਿ ਉਸ ਦਾ ਪੁੱਤਰ —— ਵਿੱਚ ਦਿਲ ਨਹੀਂ ——।
੮. ਇੱਕ ਵਾਰੀ —— ਨੇ ਨਾਨਕ ਜੀ —— ਵੀਹ —— ਦਿੱਤੇ ਕਿ ਕੋਈ ਵਣਜ ——।
੯. —— ਸਦਾਵਰਤ —— ਹੋਇਆ ਸੀ।
੧੦. —— ਕਾਲ —— ਹੋਇਆ ਸੀ।
੧੧. ਪੀੜਤ ਲੋਕਾਂ ਨੂੰ ਦੇਖਕੇ ਉਨ੍ਹਾਂ ਦਾ —— ਇਤਨਾ —— ਕਿ ਉਨ੍ਹਾਂ ਨੇ —— ਦੇ ਦਿੱਤੇ।
੧੨. ਘਰ ਜਾਣ ਨੂੰ ਹੌਸਲਾ ——।
੧੩. ਉਨ੍ਹਾਂ ਨੂੰ ਨਵਾਬ ਦੇ ਮੋਦੀਖਾਨੇ ਵਿੱਚ —— ——।
੧੪. ਆਪ ਦੇ —— ਬੇਈਮਾਨੀ ਦਾ ——।
੧੫. ਆਪ ਨੇ ਉਹ ਅਸਾਮੀ —— ਛੱਡ ਦਿੱਤੀ।

9.6 Translate into Panjabi:

1. Guru Nanak was the founder of the Sikh religion.
2. He lived about thirty miles away from Delhi.
3. He has one sister and two brothers.
4. From an early age she was interested in reading.

5. He was not interested in worldly affairs.
6. He tried to arrange her marriage.
7. Once he gave his son three rupees so that he would read a book.
8. Here a fair was being held.
9. There was a famine occurring in those areas.
10. Seeing these miserable people, his heart melted.
11. He gave them all the money he had.
12. What books could be bought now?
13. When he came near the school he dared not go in.
14. He was afraid his father would ask him what he had done.
15. It is said that he slapped his son.
16. He was married when he grew up.
17. Even then he was not interested in studying.
18. He found him a job in a warehouse.
19. Everyone turned against him.
20. Soon he gave up the job.

9.7 It should be noted that there is a difference in syntax between English and Panjabi when indirect speech is used. In English, the tense of the indirect speech is altered according to the tense of the main verb:

He says that he will go.

He said that he would go.

In Panjabi, however, the tense of the verb in indirect speech depends on the time relation between the action of that verb and the action of the main verb, in whatever tense the latter might be. For example, the sentence "He was afraid that the father would ask" is translated into Panjabi:

ਉਹ ਡਰਦਾ ਸੀ ਕਿ ਪਿਤਾ ਪੁਛੇਗਾ

The verb in indirect speech, ਪੁਛਣਾ ,"to ask", is placed in the simple future tense, because at the time of "his being afraid" the "asking" was in the future. Similarly:

ਉਹ ਡਰਦਾ ਹੈ ਕਿ ਪੁਛੇਗਾ He is afraid that he will ask

The full sentence: "He was afraid that the father would ask what business he had done" is in Panjabi:

ਉਹ ਡਰਦਾ ਸੀ ਕਿ ਪਿਤਾ ਪੁਛੇਗਾ ਕੀ ਵਣਜ ਕੀਤਾ ਹੈ

Note the use of the present perfect rather than the past perfect tense of ਕਰਨਾ "to do", because of the relation between the "doing" and the "asking". See the following examples also:

ਉਸ ਨੇ ਪੁਛਿਆ ਕੀ ਕੀਤਾ ਹੈ	He asked what he had done
ਉਹ ਪੁਛਦਾ ਹੈ ਕੀ ਕੀਤਾ ਹੈ	He asks what he has done
ਉਹ ਪੁਛੇਗਾ ਕੀ ਕੀਤਾ ਹੈ	He will ask what he will have done

Adverbs of time are not changed in indirect speech to conform to the time of the main verb, but the same rule of the relation in time of the indirect speech to the main action is followed. It is often easiest to remember this syntactical rule by placing imaginary quotation marks around the indirect speech in English, changing it into direct speech with appropriate changes in tense, and then translating into Panjabi.

Translate the following sentences into Panjabi:

1. He said that he would go.
2. He was afraid that his brother would slap him.
3. I thought I would give my money for sada:varat.
4. Na:nak thought, what more business could be done then?
5. The servants thought that Na:nak would not let them take things away.
6. He was thinking that his brother had come.
7. I found that my child had gone to school.
8. The boy is reading that Na:nak was the first guru: of the Sikhs.
9. He knows that his brother is reading the book.
10. The child wrote that he had been sick.

*ਸੰਤ ਸਿੰਘ ਸੇਖੋਂ, *ਪੰਜਾਬੀ ਸੰਥਾਵਲੀ, ੫*, ਲੁਧਿਆਣਾ, ੭—੯।

UNIT X

ਗੁਰੂ ਨਾਨਕ – ੨*

ਹੁਣ ਆਪ ਲਗੇ ਜਹਾਨ ਤੇ ਵਿਚਰਨ। ਗੰਗਾ ਗਏ, ਉਥੇ ਪਾਂਡਿਆਂ ਦੇ ਪਖੰਡ ਦੀ ਨਿਖੇਧੀ ਕੀਤੀ। ਜਗਨ ਨਾਥ ਪੁਰੀ ਵਿਚ ਜਾ ਕੇ ਹੋਰ ਪਖੰਡ ਦੇਖੇ ਤੇ ਲੋਕਾਂ ਨੂੰ ਸਚਾ ਉਪਦੇਸ਼ ਦਿਤਾ। ਬਨਾਰਸ ਗਏ, ਉਥੇ ਵੀ ਇਹ ਹੀ ਹਾਲ ਦੇਖਿਆ। ਗੱਲ ਕੀ ਸਾਰੇ ਹਿੰਦੁਸਤਾਨ ਵਿਚ ਫਿਰ ਕੇ ਲੋਕਾਂ ਦੇ ਮਨਾਂ ਨੂੰ ਪਖੰਡ, ਭਰਮ ਤੇ ਅੰਧ-ਵਿਸ਼ਵਾਸ ਵਲੋਂ ਹਟਾਣ ਦੇ ਯਤਨ ਕੀਤੇ ਅਰ ਥਾਉਂ ਥਾਈਂ ਸਿਆਣੇ ਲੋਕਾਂ ਦੀਆਂ ਸੰਗਤਾਂ ਕਾਇਮ ਕੀਤੀਆਂ ਤੇ ਧਰਮਸਾਲਾ ਖੁਲ੍ਹਾਈਆਂ।

ਆਪ ਹਿੰਦੁਸਤਾਨ ਤੋਂ ਬਾਹਰ ਵੀ ਗਏ। ਉਥੇ ਬਗ਼ਦਾਦ ਵਿਚ, ਜੋ ਅੱਜ ਕਲ ਇਰਾਕ ਦੇਸ਼ ਦੀ ਰਾਜਧਾਨੀ ਹੈ, ਹੁਣ ਤਕ ਆਪ ਦਾ ਗੁਰਦੁਆਰਾ ਹੈ । ਆਪ ਮਕੇ ਵੀ ਗਏ ਜਿਥੇ ਆਪ ਦੀ ਕਾਬੇ ਦੇ ਮਜੌਰਾਂ ਨਾਲ ਬੜੀ ਚਰਚਾ ਹੋਈ। ਆਪ ਨੇ ਸਭ ਨੂੰ ਕਾਇਲ ਕੀਤਾ ਅਰ ਸਮਝਾਇਆ ਕਿ ਖੁਦਾ ਅਥਵਾ ਵਾਹਿਗੁਰੂ ਦਾ ਘਰ ਕੇਵਲ ਮਕੇ ਵਿਚ ਹੀ ਨਹੀਂ, ਉਹ ਸਭ ਥਾਂ ਵਰਤਦਾ ਹੈ। ਇਸ ਭਰਮ ਖੰਡਨ ਨੂੰ ਭਾਈ ਗੁਰਦਾਸ ਨੇ ਮੱਕਾ ਫੇਰਨ ਦੀ ਕਲਾ ਦਾ ਨਾਮ ਦਿਤਾ ਹੈ ।

ਸੰਸਾਰ ਵਿਚ ਦੂਰ ਨੇੜੇ ਵਿਚਰ ਕੇ ਛੇਕੜ ਆਪ ਨੇ ਆਪਣੇ ਉਪਦੇਸ਼ ਲਈ ਕਰਤਾਰਪੁਰ ਨੂੰ, ਜੋ ਜ਼ਿਲਾ ਗੁਰਦਾਸਪੁਰ ਵਿਚ ਰਾਵੀ ਦੇ ਕੰਢੇ ਆਬਾਦ ਹੈ, ਆਪਣਾ ਕੇਂਦਰ ਬਣਾਇਆ। ਇਥੇ ਆਪ ਨੇ ਘਰਿਸਤ ਧਰਮ ਨੂੰ ਫਿਰ ਅਪਣਾ ਲਿਆ ਅਰ ਖੇਤੀ ਦਾ ਕੰਮ ਕਰਨ ਲਗੇ, ਜਿਸ ਦਾ ਅਰਥ ਇਹ ਸੀ ਕਿ ਈਸ਼ਵਰ ਭਗਤੀ ਲਈ ਘਰਿਸਤ ਹੀ ਪਰਧਾਨ ਆਸ਼ਰਮ ਹੈ।

ਆਪ ਦੇ ਧਰਮ ਉਪਦੇਸ਼ ਦੇ ਮੁਖ ਅੰਗ ਇਹ ਹਨ : ਈਸ਼ਵਰ ਇਕੋ ਹੈ ਅਰ ਉਹ ਕਿਸੇ ਮਨੁਖ ਜਾਂ ਹਰ ਛੋਟੇ ਰੂਪ ਵਿਚ ਜੂਨ ਨਹੀਂ ਧਾਰਦਾ। ਕੇਵਲ ਉਸ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ ਤੇ ਹੋਰ ਦੇਵਤਿਆਂ, ਆਦਿ ਦੇ ਭਰਮਾਂ

ਵਿਚ ਨਹੀਂ ਪੈਣਾ ਚਾਹੀਦਾ। ਸਭ ਮਨੁਖ ਬਰਾਬਰ ਹਨ, ਜ਼ਾਤ-ਪਾਤ ਦੇ ਭੇਦ ਝੂਠੇ ਹਨ। ਜਨਮ ਤੋਂ ਕੋਈ ਊਚ ਜਾਂ ਨੀਚ ਨਹੀਂ। ਦੇਸ਼ਭਗਤੀ, ਅਨਖ ਤੇ ਸਵੈ-ਅਭਿਮਾਨ ਮਨੁੱਖਾਂ ਲਈ ਅਰ ਕੌਮਾਂ ਲਈ ਬਹੁਤ ਜ਼ਰੂਰੀ ਧਾਰਨਾਂ ਹਨ। ਜਦ ਕਿਸੇ ਕੌਮ ਵਿਚ ਇਹ ਨਹੀਂ ਰਹਿੰਦੇ ਤਾਂ ਉਹ ਕੌਮ ਮਰ ਜਾਂਦੀ ਹੈ। ਹਿੰਦੂ ਮੁਸਲਮਾਨ ਦੇ ਭੇਦ ਝੂਠੇ ਹਨ, ਮਨੁਖ ਦਾ ਧਰਮ ਕੇਵਲ ਮਨੁੱਖਤਾ ਹੋਣਾ ਚਾਹਿਣਾ ਹੈ।

ਇਸ ਉਪਦੇਸ਼ ਕਰਕੇ ਗੁਰੂ ਨਾਨਕ ਨੂੰ ਸਾਰੇ ਸੰਸਾਰ ਵਿਚ ਸਨਮਾਨ ਪ੍ਰਾਪਤ ਹੈ, ਅਰ ਆਪ ਨੂੰ ਸਭ ਕੌਮਾਂ ਅਰ ਮਨੁੱਖਾਂ ਦਾ ਮਿੱਤਰ ਸਮਝਿਆ ਜਾਂਦਾ ਹੈ।

ਆਪ ਦਾ ਦੇਹਾਂਤ ਸੰਮਤ ੧੫੯੬ ਵਿਚ ਕਰਤਾਰਪੁਰ ਹੋਇਆ।

10.1 Phrases

ਹੁਣ ਆਪ ਲਗੇ ਜਹਾਨ ਤੇ ਵਿਚਰਨ	now he began to wander in the world
ਉਥੇ ਵੀ ਇਹ ਹੀ ਹਾਲ ਦੇਖਿਆ	there too he saw the same situation
ਗੱਲ ਕੀ	to make a long story short
ਜਿਸ ਦਾ ਅਰਥ ਇਹ ਸੀ	which meant (this)
ਇਸ਼ਵਰ ਇਕੋ ਹੈ	God is one, there is only one God
ਕੇਵਲ ਉਸ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ	only His worship should be done, only he should be worshipped
ਜਨਮ ਤੋਂ ਕੋਈ ਊਚ ਜਾਂ ਨੀਚ ਨਹੀਂ	no one is high or low by birth

10.2 The following geographical names occur in the reading:

ਇਰਾਕ, ਬਗ਼ਦਾਦ, ਜਗਨ ਨਾਥ ਪੁਰੀ, ਬਨਾਰਸ, ਗੁਰਦਾਸਪੁਰ, ਮਕਾ (Mecca) ਕਰਤਾਰਪੁਰ, ਗੰਗਾ (Ganges River), ਰਾਵੀ (a river), ਕਾਬਾ (a holy place in Mecca).

10.3 Vocabulary

ਅੰਗ	part (m.)
ਅੱਜ ਕਲ	now-a-days
ਅਥਵਾ	or
ਅੰਧ	blind, dark
ਅੰਧ-ਵਿਸ਼ਵਾਸ	blind faith (m.)
ਅਣਖ	pride, dignity (m.)
ਅਰਥ	meaning (m.)
ਆਸ਼ਰਮ	stage of life (m.)
ਆਬਾਦ	situated, populated
ਉਥੇ	there
ਉਪਦੇਸ਼	preaching (m.)
ਉਪਾਸ਼ਨਾ	worship (f.)
ਊਚ	= ਉੱਚਾ, high
ਸੰਗਤ	religious association (f.)
ਸਚਾ	true
ਸਨਮਾਨ	respect (m.)
ਸਮਝਿਆ ਜਾਣਾ	to be considered
ਸਵੈ-ਅਭਿਮਾਨ	self-respect (m.)
ਸਿਆਣਾ	wise
ਹਟਾਣਾ	to remove
ਹਾਲ	condition (m.)
ਕੰਢਾ	bank, shore (m.)
(ਦੇ) ਕੰਢੇ	on the bank of
ਕਲਾ	art (m.)
ਕਾਇਮ ਕਰਨਾ	to found, establish
ਕਾਇਲ	convincing

ਕੇਂਦਰ	center (m.)
ਖੰਡਨ	repudiation, refutation (m.)
ਖ਼ੁਦਾ	God (m.)
ਖੁਲ੍ਹਾਉਣਾ	to cause to be opened
ਗੁਰਦੁਆਰਾ	Sikh temple (m.)
ਗ੍ਰਿਹਸਤ	second of the four stages of life, that of a house holder (m.)
ਚਰਚਾ	talk (m.)
ਚਾਹੁਣਾ	to wish, want
ਚਾਹੀਦਾ	desirable, proper, necessary
ਛੇਕੜ	after, at last
ਜਹਾਨ	world (m.)
ਜ਼ਰੂਰੀ	necessary
ਜ਼ਾਤ-ਪਾਤ	caste, etc. (f.)
ਜ਼ਿਲਾ	district (m.)
ਜੂਨ	form of life (f.)
ਜੂਨ ਧਾਰਨਾ	to be born in any of the 84,000,000 forms of life
ਝੂਠਾ	false
ਤਕ	until, up to
ਥਾਉਂ	place (f.)
ਥਾਉਂ ਥਾਈ	place to place
ਦੇਸ਼ਭਗਤੀ	devotion of country, patriotism (f.)
ਦੇਹਾਂਤ	death, demise (m.)
ਦੇਵਤਾ	god
ਧਰਮਸ਼ਾਲਾ	an in where travellers stay free of charge (f.)
ਧਾਰਨਾ	to hold
ਧਾਰਨਾ	belief, resolution (f.)
ਨਿਖੇਧੀ	opposition, contradiction (f.)

ਪਖੰਡ	false doctrine, fraud (m.)
ਪਰਧਾਨ	=ਪ੍ਰਧਾਨ
ਪਾਂਡਾ	a priest (m.)
ਫਿਰਨਾ	to wander
ਫੇਰਨਾ	to turn (trans.)
ਭਰਮ	illusion (m.)
ਭੇਦ	distinction, division (m.)
ਮਜੌਰ	attendant at a Muslim shrine (m.)
ਮਨੁਖ (ਮਨੁੱਖ)	man (m.)
ਮਨੁੱਖਤਾ	humanity (f.)
ਰਾਜਧਾਨੀ	capitol (f.)
ਰੂਪ	form, shape (m.)
ਵਰਤਣਾ	to be present
ਵਾਹਿਗੁਰੂ	God, Creator, the name used by Sikhs (m.)
ਵਿਚਰਨਾ	to wander

10.4 Answer the following questions in Panjabi:

੧. ਅਸਾਮੀ ਛੱਡਣ ਤੋਂ ਬਾਦ ਨਾਨਕ ਜੀ ਨੇ ਕੀ ਕੀਤਾ?
੨. ਗੰਗਾ ਤੇ ਜਾ ਕੇ ਉਨ੍ਹਾਂ ਨੇ ਕੀ ਵੇਖਿਆ?
੩. ਇਹ ਵੇਖਕੇ ਨਾਨਕ ਜੀ ਨੇ ਕੀ ਕੀਤਾ?
੪. ਗੁਰੂ ਨਾਨਕ ਜੀ ਨੇ ਬਨਾਰਸ ਅਤੇ ਸਾਰੇ ਹਿੰਦੁਸਤਾਨ ਵਿਚ ਕੀ ਉਪਦੇਸ਼ ਦਿੱਤੇ ?
੫. ਆਪ ਹਿੰਦੁਸਤਾਨ ਤੋਂ ਬਾਹਰ ਕਿੱਥੇ ਕਿੱਥੇ ਗਏ?
੬. ਕਾਬੇ ਵਿਚ ਜਾਕੇ ਆਪਨੇ ਕੀ ਕੀਤਾ?
੭. ਆਖਿਰ ਵਿੱਚ ਗੁਰੂ ਨਾਨਕ ਨੇ ਅਪਣਾ ਕੇਂਦਰ ਕਿਥੇ ਬਣਾਇਆ ?
੮. ਇੱਥੇ ਰਹਿਕੇ ਉਨ੍ਹਾਂ ਨੇ ਕਿਸ ਤਰ੍ਹਾਂ ਦਾ ਜੀਵਨ ਆਪਣਾ ਲਿਆ?
੯. ਈਸ਼ਵਰ ਭਗਤੀ ਲਈ ਕੌਣ ਪਰਧਾਨ ਆਸ਼ਰਮ ਹੈ?

੧੦. ਗੁਰੂ ਨਾਨਕ ਦੇ ਧਰਮ ਉਪਦੇਸ਼ ਦੇ ਕਿਹੜੇ ਕਿਹੜੇ ਮੁਖ ਅੰਗ ਹਨ?
੧੧. ਗੁਰੂ ਨਾਨਕ ਦਾ ਦੇਹਾਂਤ ਕਦੋਂ ਤੇ ਕਿੱਥੇ ਹੋਇਆ?

10.5 Fill in the blanks:

੧. ਮੈਂ ਜਹਾਨ ਤੇ —— ਲੱਗਿਆ।
੨. ਨਾਨਕ ਜੀ ਨੇ ਪਾਂਧਿਆਂ ਦੇ ਪਖੰਡ ਦੀ —— ਕੀਤੀ।
੩. ਉਨ੍ਹਾਂ ਨੇ ਲੋਕਾਂ ਨੂੰ —— ਉਪਦੇਸ਼ ——।
੪. ਬਨਾਰਸ ਵਿਚ ਵੀ —— ਹਾਲ ਦੇਖਿਆ।
੫. ਅੰਧ-ਵਿਸ਼ਵਾਸ —— ਹਟਾਣ ਦੇ ਯਤਨ ——।
੬. ਕੀ ਨਾਨਕ ਜੀ ਹਿੰਦੁਸਤਾਨ ਤੋਂ —— ਗਏ?
੭. ਵਾਸ਼ਿੰਗਟਨ ਅੱਜ ਕਲ ਅਮਰੀਕਾ —— —— ਹੈ।
੮. ਹੁਣ —— ਮੁਖੋ ਆਪਣਾ —— ਹੈ।
੯. ਵਾਹਿਗੁਰੂ ਸਭ ਦਾ —— ਹੈ।
੧੦. ਗੁਰੂ ਨਾਨਕ ਜੀ ਨੇ ਕਰਤਾਰਪੁਰ ਨੂੰ ਆਪਣੇ —— ਨਵੀ ਕੇਂਦਰ ——।
੧੧. ਆਪ ਨੇ ਗ੍ਰਿਹਸਥ ਨੂੰ —— ਲਿਆ।
੧੨. ਆਪੀਂ ਖੇਤੀ ਦਾ —— —— ਕਰਦੇ।
੧੩. ਈਸ਼ਵਰ ਕਿਸੇ ਰੂਪ ਵਿਚ —— ਨਹੀਂ ——।
੧੪. ਸਭ ਮਨੁਖ —— ਹਨ, ਜਨਮ —— ਕੋਈ ਉਚ —— ਨੀਚ ਨਹੀਂ।
੧੫. ਹਿੰਦੂ ਮੁਸਲਮਾਨ ਦੇ ਭੇਦ —— ਹਨ।
੧੬. ਈਸ਼ਵਰ ਦੀ ਉਪਾਸ਼ਨਾ ਕਰਨੀ —— ਹੈ।

10.6 The organic passive ਚਾਹੀਦਾ (ਚਾਹਣਾ) is used with various forms of ਹੋਣਾ and with the infinitive form of the verb of action to express necessity, desirability, or obligation. For example:

ਇਹੋ ਜਿਹੀ ਗੱਲ ਸੁਣਨੀ ਨਹੀਂ ਚਾਹੀਦੀ ਹੈ	Such a thing ought not to to be heard
ਉਸ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ	His worship should be done

ਮਨੁੱਖ ਦਾ ਧਰਮ ਮਨੁੱਖਤਾ ਹੋਣਾ ਚਾਹੀਦਾ ਹੈ	Man's religion should be humanity

As the above examples illustrate, the infinitive verb and ਚਾਹੀਦਾ are inflected to agree in number and gender with the subject of the sentence. The construction corresponds to the passive voice, the object of the action or the infinitive itself is the subject of the sentence; the agent, if any, is in post-positional form, with ਨੂੰ :

ਮੈਨੂੰ ਇਹ ਕਰਨਾ ਚਾਹੀਦਾ ਹੈ	This ought to be done by me
ਮੈਨੂੰ ਕਲ੍ਹ ਪੜ੍ਹਨਾ ਚਾਹੀਦਾ ਸੀ	I should have studied yesterday

When ਚਾਹੀਦਾ is used simply with a form of ਹੋਣਾ and the infinitive form of the verb of action is lacking, it is translated as "needed" or "wanted":

ਤੈਨੂੰ ਕੀ ਚਾਹੀਦਾ ਹੈ?	What do you want? What do you need?

Translate the following into Panjabi:

1. What does the child need?
2. I ought to go now.
3. We should read every night.
4. Children should listen to their parents.
5. The duty of a man is to worship God.
6. One ought to wander around the world.
7. One ought to see the capitol of America.
8. One ought to build dharamša:la:'s.

*ਸੰਤ ਸਿੰਘ ਸੇਖੋਂ, ਪੰਜਾਬੀ ਸੰਬਾਵਲੀ, ਲੁਧਿਆਣਾ, ੯–੧੧.

UNIT XI

ਮੁਹੰਮਦ ਅਲੀ ਜਿਨਾਹ

ਮੁਹੰਮਦ ਅਲੀ ਜਿਨਾਹ ੧੮੭੬ ਵਿਚ ਕਰਾਚੀ ਦੇ ਇਕ ਖੋਜਾ ਘਰਾਣੇ ਵਿਚ ਪੈਦਾ ਹੋਏ। ਆਪ ਆਪਣੇ ਮਾਤਾ ਪਿਤਾ ਦੇ ਪਹਿਲੇ ਪੁੱਤਰ ਸਨ। ਆਪਦੇ ਪਿਤਾ ਇਕ ਬੜੇ ਬਪਾਰੀ ਸਨ। ਜਿਨਾਹ ਜੀ ਨੇ ਮੁਢਲੀ ਵਿਦਿਆ ਕਰਾਚੀ ਵਿਚ ਪ੍ਰਾਪਤ ਕੀਤੀ। ਸੋਲਾਂ ਸਾਲਾਂ ਦੀ ਉਮਰ ਵਿਚ ਆਪਨੂੰ ਲੰਡਨ ਭੇਜ ਦਿੱਤਾ ਗਿਆ। ਮੁਹੰਮਦ ਅਲੀ ਜੀ ੧੮੯੬ ਵਿਚ ਬੈਰਿਸਟਰੀ ਦੀ ਪ੍ਰੀਖਿਆ ਪਾਸ ਕਰਕੇ ਹਿੰਦੁਸਤਾਨ ਵਾਪਸ ਆਏ।

੧੮੯੭ ਵਿਚ ਜਿਨਾਹ ਜੀ ਬੰਬਈ ਵਿਚ ਵਕਾਲਤ ਕਰਨ ਲਗੇ। ਵਕਾਲਤ ਵਿਚ ਉਨ੍ਹਾਂ ਨੂੰ ਬਹੁਤ ਸਫਲਤਾ ਪ੍ਰਾਪਤ ਹੋਣ ਲਗੀ। ਕੁਝ ਚਿਰਾਂ ਪਿਛੋਂ ਆਪ ਨੂੰ ਹਿੰਦੁਸਤਾਨ ਦੇ ਕਢਵੇਂ ਵਕੀਲਾਂ ਵਿਚ ਗਿਣਿਆਂ ਜਾਣ ਲਗਾ।

ਜਿਨਾਹ ਸਾਹਿਬ ਤੇ ਹਿੰਦੁਸਤਾਨ ਦੇ ਦੋ ਆਗੂਆਂ ਦਾ ਸਭ ਤੋਂ ਵੱਧ ਅਸਰ ਹੋਇਆ। ਲੰਡਨ ਵਿਚ ਦਾਦਾ ਭਾਈ ਨੌਰੋਜੀ ਨੇ ਆਪ ਨੂੰ ਰਾਜਸੀ ਕੌਮ ਵਲ ਖਿਚ ਲਿਆਂਦਾ ਸੀ। ਹਿੰਦੁਸਤਾਨ ਵਿਚ ਗੋਪਾਲ ਕ੍ਰਿਸ਼ਨ ਗੋਖਲੇ ਦਾ ਅਸਰ ਆਪ ਤੇ ਹੋਇਆ। ਆਪ ਬਹੁਤ ਸਾਰੇ ਮਾਮਲਿਆਂ ਵਿਚ ਗੋਖਲੇ ਦੇ ਪਿਛੇ ਚਲਨ ਨਾ ਯਤਨ ਕਰਨ ਲਗੇ। ਮੁਸਲਮਾਨਾਂ ਵਿਚ ਉਹ ਪਦਵੀ ਪ੍ਰਾਪਤ ਕਰਨੀ ਚਾਹੁੰਦੇ ਹਨ ਜੋ ਗੋਖਲੇ ਨੂੰ ਹਿੰਦੂਆਂ ਵਿਚ ਪ੍ਰਾਪਤ ਸੀ।

੧੯੦੬ ਵਿਚ ਜਿਨਾਹ ਸਾਹਿਬ ਰਾਜਸੀ ਮਾਮਲਿਆਂ ਵਿਚ ਹਿੱਸਾ ਲੈਣ ਲਗੇ। ਕੁਝ ਸਮਾਂ ਪਿਛੋਂ ਦਾਦਾ ਭਾਈ ਨੌਰੋਜੀ ਨੇ ਆਪਣਾ ਪ੍ਰਾਈਵੇਟ ਸੈਕ੍ਰੇਟਰੀ ਬਣਾਇਆ। ਆਪ ਕਾਂਗਰਸ ਵਿਚ ਸ਼ਾਮਲ ਹੋ ਗਏ। ੧੯੧੦ ਵਿਚ ਹਿੰਦੂ ਮੁਸਲਿਮ ਮਿਲਾਪ ਲਈ ਕਾਨਫ੍ਰੰਸ ਕੀਤੀ ਗਈ। ਆਪਨੇ ਇਸ ਵਿਚ ਹਿੰਸਾ ਲਿਆ। ਆਪ ਭਾਰਤ ਦੀ ਕਨੂੰਨ ਘੜਨੀ ਸਭਾ ਦੇ ਮੈਂਬਰ ਵੀ ਚੁਣੇ ਗਏ। ਸਭਾ ਵਿਚ ਆਪ ਨੇ ਮੁਸਲਮਾਨਾਂ ਲਈ ਕਈ ਬਿਲ ਪਾਸ ਕਰਵਾਉਣ ਦਾ ਯਤਨ ਕੀਤਾ। ਕੁਝ ਸਮਾਂ ਪਿਛੋਂ ਆਪ ਮੁਸਲਿਮ ਲੀਗ ਦੇ ਵੀ ਮੈਂਬਰ ਬਣ ਗਏ।

ਫੇਰ ਕਈ ਸਾਲਾਂ ਤਕ ਆਪਨੇ ਕਾਂਗਰਸ ਤੇ ਲੀਗ ਵਿਚ ਮਿਲਾਪ ਲਈ ਯਤਨ ਕੀਤੇ।

ਪਰ ਜਦ ਹਿੰਦੂ ਮੁਸਲਮਾਨਾਂ ਵਿਚ ਝਗੜੇ ਸ਼ੁਰੂ ਹੋਏ, ਤਾਂ ਜਿਨਾਹ ਸਾਹਿਬ ਕੇਵਲ ਮੁਸਲਵਾਨਾਂ ਦੀ ਅਗਵਾਈ ਕਰਨ ਲਗ ਗਏ। ਜਦ ਕਾਂਗਰਸ ਦੀ ਨਹਿਰੂ ਕਮੇਟੀ ਨੇ ਹਿੰਦੁਸਤਾਨ ਦੀ ਇਕ ਰਾਜ-ਬਣਤਰ ਤਿਆਰ ਕੀਤੀ ਤਾਂ ਜਿਨਾਹ ਸਾਹਿਬ ਨੇ ਕੇਵਲ ਮੁਸਲਮਾਨਾਂ ਦੇ ਹਕਾਂ ਲਈ ਆਪਣੀ ਚੌਦਾਂ ਮੰਗਾਂ ਪੇਸ਼ ਕਰ ਦਿੱਤੀਆਂ। ਮੁਸਲਮਾਨਾਂ ਲਈ ਸਭਾਵਾਂ ਵਿਚ ਵਖ਼ਰੀਆਂ ਸੀਟਾਂ ਮੰਗੀਆਂ। ਜਦ ਲੰਡਨ ਵਿਚ ਗੋਲਮੇਜ਼ ਕਾਨਫ਼ਰੰਸਾਂ ਹੋਈਆਂ ਤਾਂ ਜਿਨਾਹ ਸਾਹਿਬ ਆਪਣੀ ਚੌਦਾਂ ਮੰਗਾਂ ਤੇ ਅੜ ਕੇ ਬੈਠ ਗਏ। ਕੁਝ ਚਿਰਾਂ ਪਿਛੋਂ ਜਿਨਾਹ ਸਾਹਿਬ ਪਾਕਿਸਤਾਨ ਦੀ ਸਕੀਮ ਅਗੇ ਲੈ ਆਏ। ਇਸ ਸਕੀਮ ਦੇ ਅਨੁਸਾਰ ਪੰਜਾਬ, ਕਸ਼ਮੀਰ, ਸਰਹਦੀ ਸੂਬਾ, ਬਲੋਚਸਤਾਨ, ਬੰਗਾਲ ਤੇ ਆਸਾਮ ਵਿਚ ਮੁਸਲਮਾਨਾਂ ਦੀ ਸਰਕਾਰ ਹੋਣੀ ਚਾਹੀਦੀ ਹੈ ਕਿਉਂਕਿ ਇਥੇ ਬਹੁ-ਗਿਣਤੀ ਮੁਸਲਮਾਨਾਂ ਦੀ ਹੈ। ਹਿੰਦੂ, ਸਿੱਖ ਤੇ ਕੌਮੀ ਖਿਆਲਾਂ ਦੇ ਮੁਸਲਮਾਨ ਇਸ ਸਕੀਮ ਦੇ ਬਹੁਤ ਵਿਰੁਧ ਹਨ। ਪਰ ਮੁਸਲਮਾਨਾਂ ਦੀ ਬਹੁ-ਗਿਣਤੀ ਆਪ ਦੇ ਨਾਲ ਹੋ ਕੇ ਪਾਕਿਸਤਾਨ ਦੀ ਹਿਮਾਇਤ ਕਰਨ ਲਗ ਪਈ। ੧੯੪੭ ਵਿਚ ਆਪ ਦੀ ਇਛਿਆ ਪੂਰੀ ਹੋ ਗਈ ਹਿੰਦੁਸਤਾਨ ਨਾਲੋਂ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੇ ਇਲਾਕੇ ਨਿਖੇੜ ਕੇ ਪਾਕਿਸਤਾਨ ਬਣਾ ਦਿੱਤਾ ਗਿਆ। ਜਿਨਾਹ ਸਾਹਿਬ ਨੂੰ ਪਾਕਿਸਤਾਨ ਦਾ ਪਹਿਲਾ ਗਵਰਨਰ ਜਨਰਲ ਬਣਾਇਆ ਗਿਆ। ਹੁਣ ਆਪਦੀ ਸਿਹਤ ਬਿਗੜ ਚੁਕੀ ਸੀ ਤੇ ਸਤੰਬਰ ੧੯੪੭ ਵਿਚ ਪਾਕਿਸਤਾਨ ਦੀ ਰਾਜਧਾਨੀ ਕਰਾਚੀ ਵਿਚ ਆਪਦਾ ਦੇਹਾਂਤ ਹੋ ਗਿਆ।

11.1 The following personal names, geographical names and English words appear in the reading:

ਮੁਹੰਮਦ ਅਲੀ ਜਿਨਾਹ (Muhammad Ali Jinnah), ਖੋਜਾ (a family name), ਦਾਦਾ ਭਾਈ ਨੌਰੋਜੀ (Dada Bhai Nauroji), ਗੋਪਾਲ ਕ੍ਰਿਸ਼ਨ ਗੋਖਲੇ (Gopal Krishna Gokhale), ਨਹਿਰੁ (Nehru).

ਕਰਾਚੀ (Karachi), ਬੰਬਈ (Bombay) ਪਾਕਿਸਤਾਨ, ਪੰਜਾਬ, ਕਸ਼ਮੀਰ (Kashmir), ਸਰਹਦੀ ਸੁਬਾ (North West Frontier Province), ਬਲੋਚਸਤਾਨ

(Baluchistan), ਬੰਗਾਲ (Bengal), ਆਸਾਮ (Assam).

ਪ੍ਰਾਈਵੇਟ ਸੈਕ੍ਰੇਟਰੀ (private secretary), ਮੁਸਲਿਮ ਲੀਗ (Muslim League), ਬਿਲ (bill, law), ਕਾਨਫ਼ਰੰਸ (conference). ਕਮੇਟੀ (committee), ਸੀਟ (seat, in a legislature), ਸਕੀਮ (scheme), ਗਵਰਨਰ ਜਨਰਲ (Governor-General).

11.2 Phrases

ਕਈ ਸਾਲਾਂ ਤਕ	for many years
ਬਿਲ ਪਾਸ ਕਰਵਾਣਾ	to cause a bill to be passed
ਆਪ ਪਾਕਿਸਤਾਨ ਦੀ ਸਕੀਮ ਅਗੇ ਲੈ ਆਏ	he brought forward (presented) the Pakistan scheme
ਪਾਕਿਸਤਾਨ ਦੀ ਹਿਮਾਇਤ ਕਰਨ ਲਗ ਪਈ	they began to favor Pakistan
ਪੂਰਾ ਹੋ ਜਾਣਾ	to be fulfilled, completed

11.3 Vocabulary

ਅਸਰ	influence (m.)
ਅੜਨਾ	to insist upon, to stick to
ਇਛਿਆ (ਇੱਛਿਆ)	wish (f.)
ਇਲਾਕਾ	area (m.)
ਸਤੰਬਰ	September
ਸਾਹਿਬ	= ਜੀ, Mr., Esq. (m.)
ਸ਼ਾਮਲ ਹੋਣਾ	to join
ਸਿਹਤ	health (f.)
ਹਕ (ਹੱਕ)	right, equity, justice (m.)
ਹਿਮਾਇਤ	favor (f.)
ਕਢਵਾ	outstanding
ਕੌਮਾ	nationalistic

ਖਿਆਲ	thought, idea, opinion (m.)
ਖਿੱਚਣਾ	to draw, pull
ਖਿਚ ਲੈਣਾ	to draw, pull
ਗਿਣਿਆ ਜਾਣਾ	to be counted
ਗੋਲਮੇਜ਼	roundtable, from ਗੋਲ , round, ਮੇਜ਼ , table (m.)
ਘਰਾਣਾ	family (m.)
ਚੱਕਣਾ	to complete, finish
ਤਿਆਰ	ready
ਤਿਆਰ ਕਰਨਾ	to prepare
ਨਾਲੋਂ	from
ਨਿਖੇੜਨਾ	to cut out
ਪਦਵੀ	rank, position (f.)
ਪਿਛੇ ਚਲਨਾ	to go after, to follow
ਪੇਸ਼	before, in front of, forward
ਪੇਸ਼ ਕਰਨਾ	to put forth
ਬਹੁ-ਗਿਣਤੀ	majority (f.)
ਬਪਾਰੀ	businessman (m.)
ਬਿਗੜਨਾ	= ਵਿਗੜਨਾ, (here) to fail
ਮੰਗ	demand (f.)
ਮਾਮਲਾ	matter (m.)
ਮੁਢਲਾ	beginning, elementary
ਮੁਢਲੀ ਵਿਦਿਆ	elementary education (f.)
ਰਾਜਸੀ	political
ਰਾਜ-ਬਣਤਰ	draft constitution (lit., government organization)(f.)
ਵਕੀਲ	lawyer (m.)
ਵਖ਼ਰਾ	separate

11.4 Answer the following questions in Panjabi:

੧. ਜਿਨਾਹ ਸਾਹਿਬ ਕਿਸ ਸਾਲ ਵਿੱਚ ਪੈਦਾ ਹੋਏ ਹਨ?
੨. ਜਿਨਾਹ ਸਾਹਿਬ ਕਿਸ ਘਰਾਣੇ ਵਿੱਚ ਪੈਦਾ ਹੋਏ ਹਨ?
੩. ਜਿਨਾਹ ਸਾਹਿਬ ਨੇ ਮੁਢਲੀ ਵਿਦਿਆ ਕਿੱਥੋਂ ਪ੍ਰਾਪਤ ਕੀਤੀ?
੪. ਜਿਨਾਹ ਸਾਹਿਬ ਨੂੰ ਕਦੋਂ ਲੰਡਨ ਭੇਜ ਦਿਤਾ ਗਿਆ?
੫. ਮੁਹੰਮਦ ਸਾਹਿਬ ਜੀ ਨੇ ਕਦੋਂ ਬੈਰਿਸਟਰੀ ਦੀ ਪ੍ਰੀਖਿਆ ਪਾਸ ਕੀਤੀ?
੬. ਬੰਬਈ ਵਿੱਚ ਵਾਪਸ ਆਕੇ ਜਿਨਾਹ ਸਾਹਿਬ ਨੇ ਕੀ ਕੀਤਾ?
੭. ਕੀ ਉਨ੍ਹਾਂ ਨੂੰ ਵਕਾਲਤ ਵਿੱਚ ਸਫਲਤਾ ਪ੍ਰਰਪਤ ਹੋਈ?
੮. ਜਿਨਾਹ ਸਾਹਿਬ ਦੇ ਜੀਵਨ ਤੇ ਕਿਸ ਦਾ ਅਸਰ ਸਭ ਤੋਂ ਵਧ ਹੋਇਆ?
੯. ਲੰਡਨ ਵਿੱਚ ਕਿਸ ਆਗੂ ਨੇ ਜਿਨਾਹ ਸਾਹਿਬ ਨੂੰ ਰਾਜਸੀ ਕੰਮਾਂ ਵਿੱਚ ਖਿਚ ਲਿਆਂਦਾ ਸੀ?
੧੦. ਜਿਨਾਹ ਸਾਹਿਬ ਮੁਸਲਮਾਨਾਂ ਵਿੱਚ ਕਿਸ ਪਦਵੀ ਨੂੰ ਪ੍ਰਾਪਤ ਕਰਨਾ ਚਾਹੰਦੇ ਹਨ?
੧੧. ਜਿਨਾਹ ਸਾਹਿਬ ਕਦੋਂ ਰਾਜਸੀ ਮਾਮਲਿਆਂ ਵਿੱਚ ਹਿੱਸਾ ਲੈਣ ਲਗੇ?
੧੨. ਉਨ੍ਹਾਂ ਨੇ ਹਿੱਦੂ ਮੁਸਲਿਮ ਮਿਲਾਪ ਲਈ ਕਾਨਫ਼ਰੰਸ ਕਦੋਂ ਕੀਤੀ ?
੧੩. ਆਪ ਕਿਸ ਸਭਾ ਦੇ ਮੈਂਬਰ ਚੁਣਿਏ ਗਏ ਸਨ?
੧੪. ਉੱਥੇ ਉਨ੍ਹਾਂ ਨੇ ਕਿਸ ਕੰਮ ਦੇ ਕਰਨ ਦੀ ਕੋਸ਼ਸ਼ ਕੀਤੀ?
੧੫. ਮੁਸਲਮਾਨਾਂ ਦੇ ਹੱਕਾਂ ਵਾਸਤੇ ਜਿਨਾਹ ਸਾਹਿਬ ਨੇ ਕੀ ਮੰਗ ਕੀਤੀ ?
੧੬. ਜਿਨਾਹ ਸਾਹਿਬ ਨੇ ਅਖ਼ੀਰ ਤੇ ਕਿਹੜੀ ਸਕੀਮ ਅੱਗੇ ਰੱਖੀ?
੧੭. ਕਿਸ ਤਰ੍ਹਾਂ ਦੇ ਲੋਕ ਜਿਨਾਹ ਸਾਹਿਬ ਦੇ ਖਿਆਲ ਦੇ ਵਿਰੁਧ ਸਨ?
੧੮. ਆਪ ਦੀ ਪਾਕਿਸਤਾਨ ਬਣਨ ਦੀ ਇੱਛਿਆ ਕਦੋਂ ਪੂਰੀ ਹੋਈ?
੧੯. ਪਾਕਿਸਤਾਨ ਬਣਨ ਦੇ ਬਾਦ ਇਨ੍ਹਾਂ ਨੂੰ ਕਿਹੜੀ ਪਦਵੀ ਪ੍ਰਾਪਤ ਹੋਈ?
੨੦. ਜਿਨਾਹ ਸਾਹਿਬ ਦਾ ਕਿੱਥੇ ਤੇ ਕਦੋਂ ਦੇਹਾਂਤ ਹੋ ਗਿਆ?

11.5 Fill in the blanks:

੧. ਮੁਹੰਮਦ ਅਲੀ ਜਿਨਾਹ —— ਵਿੱਚ —— ਹੋਏ।
੨. ਆਪ ਆਪਣੇ —— ਦੇ —— ਪੁੱਤਰ ਸਨ।
੩. ਜਿਨਾਹ ਸਾਹਿਬ ਨੇ —— ਵਿਦਿਆ ਕਰਾਚੀ ਵਿੱਚ —— ਕੀਤੀ।

੪. —— ਸਾਲਾਂ ਦੀ ਉਮਰ ਵਿੱਚ ਆਪ —— ਲੰਡਨ ਭੇਜ ——।

੫. ਬੈਰਿਸਟਰੀ ਦੀ —— ਪਾਸ —— ਵਾਪਸ ਆਏ।

੬. ਵਕਾਲਤ ਵਿੱਚ —— ਬਹੁਤ ਸਫਲਤਾ ——।

੭. ਹਿੰਦੁਸਤਾਨ ਦੇ ਆਗੂਆਂ ਦਾ —— ਵਧ ਅਸਰ ਹੋਇਆ।

੮. ਮੁਸਲਮਾਨਾਂ ਵਿੱਚ —— ਪਦਵੀ ਚਾਹੁੰਦੇ ਹਨ —— ਗੋਖਲੇ ਨੂੰ —— ਵਿੱਚ —— ਸੀ।

੯. ਹਿੰਦੂ ਮੁਸਲਿਮ ਮਿਲਾਪ —— —— ਕੀਤੀ।

੧੦. ਆਪਨੇ ਇਸ ਵਿੱਚ —— ਲਿਆ।

੧੧. ਆਪ ਕਨੂੰਨ ਘੜਨੀ ਸਭਾ ਦੇ ਮੈਂਬਰ —— ——।

੧੨. ਕਈ ਬਿਲ ਪਾਸ —— ਦਾ —— ਕੀਤਾ।

੧੩. ———— ਖਿਆਲਾਂ ਦੇ —— ਇਸ ਸਕੀਮ ਦੇ ਵਿਰੁਧ ——।

੧੪. —— —— ਪਿਛੋਂ ਪਾਕਿਸਤਾਨ ਦੀ ਸਕੀਮ —— —— ਆਏ।

੧੫. ਜਿਨਾਹ ਸਾਹਿਬ ਨੂੰ ਪਾਕਿਸਤਾਨ ਦਾ —— ਗਵਰਨਰ ਜਨਰਲ —— ——।

11.6 Translate the following into Panjabi:

1. He was born in 1932 in London.
2. He was the second child of his parents.
3. He received his early education in his village.
4. At the age of 15 he went to New York.
5. He began to practice law in 1910.
6. I was influenced by him the most.
7. He tried to follow Gandhi.
8. I began to take part in political affairs.
9. They tried to get many bills through for the Negroes.
10. After some time he went back.
11. He put forward the scheme for Pakistan.

12. According to this scheme, there should be a Muslim government.
13. The majority here is Christian.
14. Nehru was made the first Prime Minister of India.
15. He died in September 1947.
16. Lincoln was counted among the leading persons in the country.

11.7 Compounds of noun + ਕਰਨਾ or ਹੋਣਾ and adjective + ਕਰਨਾ or ਹੋਣਾ are common in Panjabi. For example:

ਸਾਮਲ ਹੋਣਾ = ਸਾਮਲ (connected) + ਹੋਣਾ = to join, be joined
ਪੈਦਾਂ ਕਰਨਾ = ਪੈਦਾ (production) + ਕਰਨਾ = to produce

Use these compounds, and others that you can find in your reading, in your own sentences.

11.8 Give the Panjabi equivalent of the following and use them in your own sentences:

1. after some time
2. before
3. for many days
4. now
5. then
6. again

UNIT XII

ਮੇਰੀ ਪਹਿਲੀ ਕਵਿਤਾ

ਅੰਮ੍ਰਿਤਾ ਪ੍ਰੀਤਮ

ਪੂਰੇ ਯਾਰਾਂ ਵਰ੍ਹਿਆਂ ਦੀ ਨਹੀਂ ਸਾਂ ਜਦੋਂ ਮੈਨੂੰ ਕਿਸੇ ਦਾ ਸੁਪਨਾ ਆਉਣ ਲੱਗ ਪਿਆ। ਸੁਪਨੇ ਵਿਚ ਅਕਸਰ ਮੈਂ ਉਹਦੇ ਨਾਲ ਲੁਕਣ-ਮੀਟੀ ਖੇਡਦੀ। ਜਿਸ ਦਾ ਮੈਨੂੰ ਸੁਪਨਾ ਆਉਂਦਾ ਸੀ, ਸਾਡੇ ਗਵਾਂਢੀਆਂ ਵਾਕਫ਼ਾਂ ਜਾਂ ਰਿਸ਼ਤੇਦਾਰਾਂ ਵਿਚੋਂ ਕਿਸੇ ਨਾਲ ਵੀ ਉਹਦੀ ਸ਼ਕਲ ਨਹੀਂ ਸੀ ਮਿਲਦੀ, ਮੈਂ ਬੜੀ ਹੈਰਾਨ ਹੁੰਦੀ ਸਾਂ 'ਉਹ' ਕੌਣ ਸੀ।

ਫਿਰ ਮੈਂ ਆਪੇ ਹੀ ਉਹਦਾ ਇਕ ਕਲਪਿਤ ਨਾਂ ਰੱਖ ਲਿਆ 'ਰਾਜਨ'। ਜਿਹੜਾ ਸੁਪਨਾ ਮੈਨੂੰ ਮੁੜ ਮੁੜ ਆਉਂਦਾ ਸੀ ਉਹ ਮੈਨੂੰ ਅਜੇ ਤਕ ਯਾਦ ਹੈ। ਕੋਈ ਪਾਣੀ ਦਾ ਕਿਨਾਰਾ ਹੁੰਦਾ ਸੀ, ਜਿਥੇ ਉਚਾ ਉਚਾ ਸਰਕੜਾ ਉਗਿਆ ਹੁੰਦਾ ਸੀ। ਮੈਂ ਆਪਣੇ ਹਾਣ ਦੀਆਂ ਛੋਟੀਆਂ ਛੋਟੀਆਂ ਕੁੜੀਆਂ ਨਾਲ ਉਥੇ ਖਲੋਤੀ ਹੁੰਦੀ ਤੇ ਫੇਰ 'ਓਹ' ਆ ਜਾਂਦਾ। ਫੇਰ ਅਸੀ ਸਾਰੇ ਰਲ ਕੇ ਲੁਕਣ-ਮੀਟੀ ਖੇਡਦੇ । 'ਉਹਦੇ' ਸਿਰ ਮੀਟੀ ਆ ਜਾਂਦੀ। ਅਸੀਂ ਸਾਰੀਆਂ ਉਸ ਉੱਚੇ ਉੱਚੇ ਸਰਕੜੇ ਵਿਚ ਲੁਕ ਜਾਂਦੀਆਂ। ਸਚੀ ਮੁਚੀ ਦੀ ਖੇਡ ਵਿਚ ਸਭ ਦਾ ਜੀਅ ਕਰਦਾ ਹੈ ਕਿ ਉਹ ਖੇਡ ਵਿਚ ਕਿਸੇ ਨੂੰ ਪਕੜਾਈ ਨਾ ਦੇਵੇ, ਪਰ ਮੇਰੇ ਸੁਪਨਿਆਂ ਵਿਚ ਇਸ ਤੋਂ ਬਿਲਕੁਲ ਉਲਟ ਹੁੰਦਾ ਸੀ। ਸੁਪਨੇ ਵਿਚ ਮੇਰਾ ਜੀਅ ਕਰਦਾ ਹੁੰਦਾ ਸੀ ਕਿ ਜਿਸ ਮੈਂ ਲੁਕੀ ਹੋਈ ਹਾਂ, ਰਾਜਨ ਲਭਦਾ ਲਭਦਾ ਉਥੇ ਆ ਜਾਵੇ ਤੇ ਮੈਨੂੰ ਲੱਭ ਲਵੇ। ਸੁਪਨੇ ਵਿਚ ਮੇਰਾ ਦਿਲ ਧੜਕਦਾ ਤੇ ਜਿੱਥੇ ਮੈਂ ਲੁਕੀ ਹੋਈ ਹੁੰਦੀ, ਉਥੇ ਮੈਂ ਰਾਜਨ ਦੇ ਪੈਰਾਂ ਦੀ ਆਵਾਜ਼ ਨੂੰ ਉਡੀਕਦੀ। ਫੇਰ 'ਰਾਜਨ' ਸਚੀ ਮੁਚੀ ਉਥੇ ਆ ਜਾਂਦਾ। ਮੈਨੂੰ ਲੁਕੀ ਹੋਈ ਨੂੰ ਲੱਭ ਲੈਂਦਾ ਤੇ ਆਖਦਾ, "ਮੈਂ ਤੈਨੂੰ ਲੱਭ ਲਿਆ ਏ" ਮੈਂ ਬੜੀ ਖ਼ੁਸ਼ ਹੁੰਦੀ ਕਿ ਉਹਨੇ ਕਿਸੇ ਹੋਰ ਕੁੜੀ ਨੂੰ ਨਹੀਂ ਲੱਭਿਆ। ਮੈਨੂੰ ਲੱਭਿਆ ਸੀ।

ਇਸ ਤਰਾਂ ਮੈਂ ਅਜੇ ਪੂਰੇ ਯਾਰਾਂ ਵਰ੍ਹਿਆਂ ਦੀ ਨਹੀਂ ਸਾਂ, ਜਦੋਂ ਮੈਂ ਇਕ ਦਿਨ ਚੋਰੀ ਚੋਰੀ ਚਾਰ ਸਤਰਾਂ ਦੀ ਇਕ ਛੋਟੀ ਜਿਹੀ ਕਵਿਤਾ ਲਿਖੀ ਤੇ ਉਹਦੇ ਵਿਚ ਆਪਣੇ ਮਨੋਂ ਸੋਚਿਆ ਹੋਇਆ ਉਹਦਾ ਨਾਂ ਰਾਜਨ ਵੀ ਲਿਖ ਦਿਤਾ। ਕਵਿਤਾ ਦੇ ਛੋਟੇ ਜਹੇ ਕਾਗ਼ਜ਼ ਨੂੰ ਤਹਿ ਕਰਕੇ ਆਪਣੀ ਕਮੀਜ਼ ਦੀ ਜੇਬ ਵਿਚ ਛੁਪਾ ਲਿਆ ਕਿ ਸਕੂਲ ਜਾ ਕੇ ਆਪਣੀ ਸਹੇਲੀ ਨੂੰ ਵਿਖਾਵਾਂਗੀ।

ਸਕੂਲ ਅਜੇ ਗਈ ਨਹੀਂ ਸਾਂ, ਬਸਤਾ ਹੱਥ ਵਿਚ ਫੜਿਆ ਹੋਇਆ ਸੀ, ਪਿਤਾ ਜੀ ਕੋਲੋਂ ਆਪਣੇ ਰੋਜ਼ ਦੇ ਖ਼ਰਚਣ ਵਾਲੇ ਪੈਸੇ ਲੈਣ ਗਈ। ਪਿਤਾ ਜੀ ਨੇ ਪੈਸੇ ਮੇਰੇ ਹੱਥ ਵਿਚ ਫੜਾਣ ਦੀ ਥਾਂ, ਲਾਡ ਨਾਲ ਮੇਰੀ ਜੇਬ ਵਿਚ ਪਾ ਦਿਤੇ। ਜਦੋਂ ਉਹ ਜੇਬ ਵਿਚ ਪੈਸੇ ਪਾਂਦੇ ਪਏ ਸਨ, ਉਹ ਕਾਗ਼ਜ਼ ਖੜਕ ਪਿਆ। ਪਿਤਾ ਜੀ ਨੇ ਉਹ ਕਾਗ਼ਜ਼ ਬਾਹਰ ਕੱਢ ਲਿਆ ਤੇ ਪੜ੍ਹ ਲਿਆ।

ਜਿੰਨੇ ਮਿੰਟ ਉਹ ਗ਼ੌਰ ਨਾਲ ਕਾਗ਼ਜ਼ ਪੜ੍ਹਦੇ ਰਹੇ, ਮੇਰਾ ਜਿਵੇਂ ਸਾਹ ਰੁਕਿਆ ਰਿਹਾ । ਤੇ ਫੇਰ ਉਨ੍ਹਾਂ ਨੇ ਇਕ ਦਬਕਾ ਦੇ ਕੇ ਪੁੱਛਿਆ: ਇਹ ਕਵਿਤਾ ਤੂੰ ਲਿਖੀ ਏ?"

ਮੇਰੇ ਹੋਠ ਕੰਬੇ, ਪਰ ਮੇਰੇ ਕੋਲੋਂ ਝਟ-ਪਟ ਕੁਝ ਆਖਿਆ ਨਾ ਗਿਆ। ਉਨ੍ਹਾਂ ਨੇ ਪਹਿਲੇ ਨਾਲੋਂ ਵੀ ਉਚਾ ਦਬਕਾ ਦੇ ਕੇ ਫੇਰ ਪੁੱਛਿਆ "ਇਹ ਕਵਿਤਾ ਤੂੰ ਲਿਖੀ ਏ?"

"ਨਹੀਂ ...ਮੈਂ ਨਹੀਂ ਲਿਖੀ। ਮੇਰੀ ਸਹੇਲੀ ਨੇ ਲਿਖੀ ਏ, ਉਹਨੇ ਮੈਨੂੰ ਪੜ੍ਹਨ ਲਈ ਦਿਤੀ ਸੀ।" ਹੋਠ ਮੇਰੇ ਅੱਗੇ ਹੀ ਕੰਬਦੇ ਪਏ ਸਨ, ਲਫ਼ਜ਼ ਵੀ ਕੰਬਣ ਲੱਗ ਪਏ।

ਪਿਤਾ ਜੀ ਨੇ ਮੇਰੇ ਕੰਬਦੇ ਲਫ਼ਜ਼ਾਂ ਵਿਚੋਂ ਮੇਰੇ ਝੂਠ ਨੂੰ ਪਕੜ ਲਿਆ ਤੇ ਮੇਰੀ ਖੱਬੀ ਗਲ੍ਹ ਉਤੇ ਹੱਥ ਦੇ ਪੂਰੇ ਜ਼ੋਰ ਨਾਲ ਇਕ ਚਪੇੜ ਮਾਰੀ: "ਝੂਠ ਬੋਲਣੀ ਏਂ? ਇਹ ਕਵਿਤਾ ਤੂੰ ਲਿਖੀ ਏ।"

ਮੂੰਹੋਂ ਕੁਝ ਨਾ ਆਖਿਆ ਗਿਆ ਤੇ ਮੇਰੇ ਅੱਥਰੂ ਵਗਦੇ ਰਹੇ। ਉਨ੍ਹਾਂ ਫੇਰ ਗ਼ੌਰ ਨਾਲ ਮੇਰੀ ਕਵਿਤਾ ਪੜ੍ਹੀ ਤੇ ਰੋਹ ਨਾਲ ਪੁੱਛਿਆ "ਇਹ ਰਾਜਨ ਕੌਣ ਏ?"

"ਪਤਾ ਨਹੀਂ ..." ਮੈਂ ਅਸਲੋਂ ਸਚ ਬੋਲਿਆ, ਪਰ ਉਨ੍ਹਾਂ ਨੂੰ ਮੇਰੇ ਉੱਤੇ ਯਕੀਨ ਨਾ ਆਇਆ। ਉਨ੍ਹਾਂ ਨੇ ਦੂਸਰੇ ਪਲ ਉਹ ਕਾਗ਼ਜ਼ ਟੋਟੇ ਟੋਟੇ ਕਰ ਦਿਤਾ ਤੇ ਮੈਂ ਰੋਂਦੀ ਰੋਂਦੀ ਸਕੂਲ ਚਲੀ ਗਈ।

ਇਸ ਤਰਾਂ ਮੈਂ ਆਪਣੀ ਪਹਿਲੀ ਕਵਿਤਾ ਝੂਠ ਬੋਲ ਕੇ ਬਿਗਾਨੇ ਨਾਂ ਉੱਤੇ ਲਾਣੀ ਚਾਹੀ ਸੀ, ਪਰ ਉਹਨੇ ਬਿਗਾਨੇ ਨਾਂ ਨੂੰ ਨਾ ਸਹਾਰਿਆ ਅਤੇ ਸਣੇ ਇਕ ਚਪੇੜ ਦੇ ਮੁੜ ਕੇ ਮੇਰੇ ਨਾਂ ਲੱਗ ਗਈ।

12.1 Phrases

ਪੂਰੇ ਯਾਰਾਂ ਵਰ੍ਹਿਆਂ ਦੀ ਨਹੀਂ ਸਾਂ	I was not yet quite 11 year
ਕਿਸੇ ਨਾਲ ਵੀ ਨਹੀਂ	with no one
ਪੈਰਾਂ ਦੀ ਆਵਾਜ਼	sound of footsteps
ਰੋਜ਼ ਦੇ ਖਰਚਣ ਵਾਲੇ ਪੈਸੇ	daily allowance
ਪਿਤਾ ਜੀ ਨੇ ਪੈਸੇ ਮੇਰੇ ਹੱਥ ਵਿਚ ਫੜਾਣ ਦੀ ਥਾਂ, ਮੇਰੀ ਜੇਬ ਵਿਚ ਪਾ ਦਿਤੇ।	Father, instead of handing the money to me, put it in my pocket.
ਪੈਸੇ ਪਾਂਦੇ ਪਏ ਸਨ	the money was being put
ਮੇਰਾ ਜਿਵੇਂ ਸਾਹ ਰੁਕਿਆ ਰਿਹਾ	I was holding my breath
ਇਕ ਦਬਕਾ ਦੇ ਕੇ	threateningly, chidingly
ਪਿਤਾ ਜੀ ਨੇ ਮੇਰੇ ਕੰਬਦੇ ਲਫ਼ਜ਼ਾਂ ਵਿਚੋਂ ਮੇਰੇ ਝੂਠ ਨੂੰ ਪਕੜ ਲਿਆ।	Father caught my lie through my trembling words
ਮੁੰਹੋਂ ਕੁਝ ਨਾ ਆਖਿਆ ਗਿਆ	nothing would come from my mouth
ਉਨ੍ਹਾਂ ਨੂੰ ਮੇਰੇ ਉੱਤੇ ਯਕੀਨ ਨਾ ਆਇਆ	he did not believe me
ਉਨ੍ਹਾਂ ਨੇ ਦੂਸਰੇ ਪਲ ਉਹ ਕਾਗ਼ਜ਼ ਟੋਟੇ ਟੋਟੇ ਕਰ ਦਿਤਾ।	the next moment he tore that paper into pieces

ਬਿਗਾਣੇ ਨਾਂ ਉੱਤੇ ਲਾਣੀ ਚਾਹੀ ਸੀ	wanted to blame another
ਉਹ ਨੇ ਬਿਗਾਨੇ ਨਾਂ ਨਾ ਸਹਾਰਿਆ	it did not sustain the other name, the other could not be blamed
ਪਤਾ ਨਹੀਂ	I don't know.

12.2 Vocabulary

ਅਸਲ	real
ਅਸਲੋਂ	in fact
ਅਕਸਰ	often
ਅੱਗੇ ਹੀ	already
ਅੱਥਰੂ	tear (m.)
ਇਸ ਤਰ੍ਹਾਂ	= ਇਸੇ ਤਰ੍ਹਾਂ
ਉਗਿਆ ਹੋਣਾ	to grow (intr.)
ਉਡੀਕਣਾ	to expect, to wait for
ਉਲਟ	reverse, opposite (f.)
ਸਹਾਰਨਾ	to sustain, hold, support
ਸਹੇਲੀ	girl-friend (of a girl) (f.)
ਸ਼ਕਲ	shape, face (f.)
ਸਕੂਲ	school (m.)
ਸਚੀ ਮੁਚੀ	real, authentic
ਸਣੇ	along with
ਸਤਰ	line (f.)
ਸਰਕੜਾ	a kind of reed (m.)
ਸਾਹ	breath (m.)
ਸਿਰ	head (m.)
ਸੁਪਨਾ	dream (m.)
ਹਾਣ	equality in age, same age (m.)
ਹੋਠ	lip (m.)

ਕੱਢਣਾ	to take out
ਕੰਬਣਾ	to tremble
ਕਮੀਜ਼	shirt (f.)
ਕਲਪਿਤ	imaginary
ਕਾਗ਼ਜ਼	paper (m.)
ਕਿਨਾਰਾ	shore, bank (m.)
ਖੱਬਾ	left (adj.)
ਖਰਚਣਾ	to spend
ਖਲੋਣਾ	to stand
ਖੜਕਣਾ	to rattle (intr.)
ਖੇਡਣਾ	to play
ਗਲ੍ਹ	cheek (m.)
ਗਵਾਂਢੀ	neighbor (m.)
ਗ਼ੌਰ	attention (f.)
ਚਪੇੜ	= ਚੁਪੇੜ
ਚੋਰੀ	theft (f.)
ਚੋਰੀ ਚੋਰੀ	secretly
ਛੁਪਾਉਣਾ	to hide (trans.)
ਛੁਪਾ ਲੈਣਾ	to hide (trans.)
ਜਹਾ	= ਜਿਹਾ
ਜਦੋਂ	= ਜਦ
ਜਿਹੜਾ	what, whatever, which, whichever, whoever
ਜਿਹਾ	-like, rather ਛੋਟਾ ਜਿਹਾ, tiny, lit. "small-like"
ਜਿੱਥੇ (ਜਿਥੇ)	wherever
ਜਿਵੇਂ	as
ਜੀਅ	= ਜੀ
ਜੀਅ ਕਰਨਾ	= ਜੀ ਕਰਨਾ

ਜੇਬ	pocket (f.)
ਝਟ-ਪਟ	immediately, right away
ਝੂਠ	lie (m.)
ਟੋਟਾ	piece (m.)
ਤਹਿ	fold (f.)
ਤਹਿ ਕਰਨਾ	to fold
ਦਬਕਾ	threat, scolding, chiding (m.)
ਦੂਸਰਾ	= ਦੂਜਾ
ਪੜਕਣਾ	to thump
ਨਾਂ ਰੱਖਣਾ	to name, to give a name
ਪਕੜਨਾ	to catch, to take ahold of
ਪਤਾ ਹੋਣਾ	to be known
ਪਲ	moment, second (m.)
ਫੜਨਾ	to hold
ਫੜਾਉਣਾ	to hand to, to hand over
ਬਸਤਾ	book-bag, satchel (m.)
ਬਿਗਾਨਾ	other, another
ਬਿਲਕੁਲ	totally, exactly
ਮੀਟਣਾ	to close (eyes), turn to close eyes (while others hide)
ਮੁੜ ਮੁੜ	again and again
ਯਕਾਨ	belief, trust (m.)
ਰਾਜਨ	a boy's name (m.)
ਰੁਕਣਾ	to stop (intr.)
ਰੋਹ	anger, rage (m.)
ਰੋਣਾ	to weep, cry
ਲਫ਼ਜ਼	word (m.)
ਲੱਭਣਾ	to seek, search for

ਲਾਡ	love, affection (m.)
ਲਾਣਾ	= ਲਾਉਣਾ
ਲੁਕਣਾ	to hide (intr.)
ਲੁਕਣ-ਮੀਟੀ	hide-and-seek (f.)
ਵਗਣਾ	to flow
ਵਰ੍ਹਾ	year (m.)
ਵਿਖਾਉਣਾ	to show

12.3 Answer the following questions in Panjabi:

੧. ਅਮ੍ਰਿਤਾ ਪ੍ਰੀਤਮ ਕਿੰਨੀ ਉਮਰ ਵਿੱਚ ਕਿਸੇ ਦੇ ਸੁਪਨੇ ਦੇਖਣ ਲਗੀ?
੨. ਉਹ ਨੂੰ ਕਿਸ ਦਾ ਸੁਪਨਾ ਆਉਂਦਾ ਸੀ?
੩. ਉਹਨੇ ਆਪਣੇ ਸੁਪਨੇ ਵਿਚ ਆਉਣ ਵਾਲੇ ਦਾ ਕੀ ਨਾਂ ਰੱਖਿਆ?
੪. ਸੁਪਨੇ ਵਿੱਚ ਉਹ ਕਿਹੜੀ ਥਾਂ ਤੇ ਹੁੰਦੀ ਸੀ?
੫. ਉਹ ਦੇ ਨਾਲ ਉੱਥੇ ਨਦੀ ਦੇ ਕਿਨਾਰੇ ਕੌਣ ਕੌਣ ਹੁੰਦਾ ਸੀ?
੬. ਸੁਪਨੇ ਵਿਚ ਉਹ ਹੋਰ ਕੀ ਕਰਦੇ ਹਨ?
੭. ਕੀ ਉਹਨੂੰ (ਲੇਖਿਕਾ*ਨੂੰ) ਰਾਜਨ ਲੁਕੀ ਹੋਈ ਨੂੰ ਲਭ ਲੈਂਦਾ ਸੀ?
੮. ਰਾਜਨ ਦੇ ਲੇਖਿਕਾ ਨੂੰ ਲੱਭਣ ਤੋਂ ਬਾਦ ਲੇਖਿਕਾ ਕੀ ਸੋਚਦੀ ਸੀ?
੯. ਲੇਖਿਕਾ ਨੇ ਪਹਲੀ ਕਵਿਤਾ ਕਿੰਨਿਆਂ ਵਰ੍ਹਿਆਂ ਉਮਰ ਵਿਚ ਲਿਖੀ?
੧੦. ਆਪਣੀ ਪਹਿਲੀ ਕਵਿਤਾ ਲੇਖਿਕਾ ਨੇ ਕਿਸਨੂੰ ਵਿਖਾਉਣ ਲਈ ਸੋਚਿਆ?
੧੧. ਸਕੂਲ ਜਾਣ ਤੋਂ ਪਹਿਲਾਂ ਕਿਸ ਦੇ ਕੋਲ ਗਈ?
੧੨. ਉਹ ਦੀ ਕਵਿਤਾ ਦਾ ਕਾਗ਼ਜ਼ ਸਭ ਤੋਂ ਪਹਿਲੇ ਕਿੰਨੇ ਪੜ੍ਹਿਆ?
੧੩. ਲੇਖਿਕਾ ਦੇ ਪਿਤਾ ਜੀ ਨੇ ਕਵਿਤਾ ਪੜ੍ਹਕੇ ਲੇਖਿਕਾ ਨੂੰ ਕੀ ਕਿਹਾ?
੧੪. ਪਿਤਾ ਜੀ ਦੀ ਚਪੇੜ ਖਾਕੇ ਲੇਖਿਕਾ ਕੀ ਕਰਨ ਲਗੀ?
੧੫. ਲੇਖਿਕਾ ਦੇ ਪਿਤਾ ਜੀ ਨੇ ਅੰਤ ਵਿਚ ਉਸ ਕਾਗ਼ਜ਼ ਦਾ ਕੀ ਕੀਤਾ?

---

*authoress, writer (f.)

12.4 **Fill in the blanks:**

੧. ਮੈਂ ——— ਵਰ੍ਹਿਆਂ ——— ਹਾਂ।

੨. ਆਪ ਨੂੰ ਕਿਹਦਾ ਸੁਪਨਾ ——— ।

੩. ਰਾਜਨ ਦੀ ਸ਼ਕਲ ਕਿਸੇ ਨਾਲ ਵੀ ਨਹੀਂ ———।

੪. ਮੈਂ ਉਹਦਾ ਨਾਂ ਰਾਜਨ ———।

੫. ਮੁੰਡਾ ਆਪਣੇ ——— ——— ਮੁੰਡਿਆਂ ਨਾਲ ———।

੬. ਰਾਜਨ ਦੇ ਸਿਰ ——— ਆ ਜਾਂਦੀ ।

੭. ਸਾਰੀਆਂ ਕੁੜੀਆਂ ਉੱਚੇ ਉੱਚੇ ਸਰਕੜੇ ਵਿਚ ———।

੮. ਮੇਰਾ ——— ——— ਹੈ ਕਿ ਰਾਜਨ ਮੈਨੂੰ ਲੱਭ ਲਵੇ।

੯. ਜਿੱਥੇ ਮੈਂ ਲੁਕੀ ——— ਹੁੰਦੀ ——— ਰਾਜਨ ਆ ———।

੧੦. ਮੈਂ ਚੋਰੀ ——— ਇਕ ਕਵਿਤਾ ਲਿਖੀ।

੧੧. ਕਵਿਤਾ ਨੂੰ ——— ਕਮੀਜ਼ ਦੀ ——— ਵਿਚ ਛੁਪਾ ਲਿਆ।

੧੨. ਕੁੜੀ ਪਿਤਾ ਜੀ ਰੋਜ਼ ਦੇ ——— ਵਾਂਗੇ ——— ਲੈਣ ਗਈ।

੧੩. ਪਿਤਾ ਜੀ ਨੇ ਪੈਸੇ ਉਹ ਦੀ ਜੇਬ ਵਿਚ ——— ———।

੧੪. ਜੇਬ ਵਿਚ ਛੁਪਾਇਆ ——— ਕਾਗ਼ਜ਼ ——— ਪਿਆ।

੧੫. ਉਨ੍ਹਾਂ ਨੇ ਇਕ ਦਬਕਾ ——— ਪੁੱਛਿਆ।

੧੬. ਕਵਿਤਾ ਮੇਰੀ ਸਹੇਲੀ ਨੇ ——— ਪੜ੍ਹਨ ——— ਦਿਤੀ ਸੀ।

੧੭. ਹੋਠ ਮੇਰੇ ——— ——— ਕੰਬਦੇ ——— ———, ਲਫ਼ਜ਼ ਵੀ ——— ਲੱਗ ———।

੧੯. ਪਿਤਾ ਨੇ ਕੁੜੀ ਦੀ ਗਲ੍ਹ ——— ਇਕ ਚੁਪੇੜ ———।

੨੦. ਕਵਿਤਾ ਮੁੜਕੇ ਮੇਰੇ ਨਾਂ ——— ———।

12.5 Translate into Panjabi:

1. I was not yet eight years old when we went to the city to live.
2. I dreamt about someone last night.

3. We played hide and seek all day yesterday.
4. He was neither a relative nor an acquaintance of mine.
5. I named him AruN.
6. Again and again I asked him who he was.
7. After I hid in the high trees he found me soon.
8. While looking for him we came to the place where he was hiding.
9. It really made me happy.
10. Stealthily I wrote a four-line poem.
11. I folded my clothes quite small.
12. I had not yet gone to school when he saw me.
13. My father gave me five cents allowance every day.
14. Instead of putting the letter in my hand he put it in my pocket.
15. He took the letter out of his pocket and began to read it.
16. My heart sank as he read the letter.
17. Giving me a good scolding, he asked, "Is this yours?"
18. I could not say anything right away.
19. He caught my lie through my shaking lips.
20. Tears began to fall on my cheeks, but he did not believe me.

12.6 In addition to compounds of nouns + ਕਰਨਾ and ਹੋਣਾ , there are many other noun-verb compounds. Following are some examples, with their meanings and some notes on their use:

ਸੁਪਨਾ	dream(m.)	ਸੁਪਣਾ ਆਉਣਾ	to dream	subject with ਨੂੰ object with ਦਾ

ਮੈਨੂੰ ਉਸਦਾ ਸੁਪਨਾ ਆਉਂਦਾ ਹੈ — I dream of him

ਕੁੜੀ ਨੂੰ ਰਾਮ ਦਾ ਸੁਪਨਾ ਆਉਂਦਾ ਹੈ। — The girl dreams of Ram

ਯਕੀਨ	belief (m.)	ਯਕੀਦ ਆਉਣਾ	to believe	subject with ਨੂੰ object with (ਉੱ)ਤੇ

ਮੈਨੂੰ ਰਾਮ ਉੱਤੇ ਯਕੀਨ ਆਇਆ	I believed Ra:m
ਉਹਨੂੰ ਰਾਣੀ ਦੀ ਕਹਾਣੀ ਉੱਤੇ ਯਕੀਨ ਆਇਆ	He believed Ra:ni's story.

ਯਾਦ	memory (f.)	ਯਾਦ ਆਉਣਾ	to remember	subject with ਨੂੰ object with ਦਾ, verb fem. sg. or object simple form, verb agrees with object

ਮੈਨੂੰ ਬੱਚੀ ਯਾਦ ਆਈ	I remembered the baby girl
ਰਾਮ ਨੂੰ ਮੁੰਡਾ ਯਾਦ ਆਉਂਦਾ ਹੈ	Ram remembers the boy

or

ਮੈਨੂੰ ਬੱਚੀ ਦੀ ਯਾਦ ਆਈ	I remembered the baby girl
ਰਾਮ ਨੂੰ ਮੁੰਡੇ ਦੀ ਯਾਦ ਆਉਂਦੀ ਹੈ	Ra:m remembers the boy

ਨਾਂ	name (m.)	ਨਾਂ ਲੱਗਣਾ	to be blamed	subject with ਦਾ

ਕਵਿਤਾ ਮੇਰੇ ਨਾਂ ਲਗੀ	I was blamed for the poem
ਕਵਿਤਾਂ ਉਸਦੇ ਨਾਂ ਲਗੀਆਂ	He was blamed for the poems

		ਨਾਂ ਲਾਉਣਾ	to blame	

ਉਹ ਕੁੜੀ ਨੂੰ ਨਾਂ ਲਾਉਂਦਾ ਹੈ	He blames the girl

		ਨਾਂ ਰੱਖਣਾ	to name	object with ਦਾ

ਮੈਂ ਮੁੰਡੇ ਦਾ ਨਾਂ ਰੱਖਦਾ ਹਾਂ, 'ਰਾਜਨ'	I name the boy "Ra:jan"

ਚੁਪੇੜ	slap (f.)	ਚੁਪੇੜ ਮਾਰਨਾ	to slap	

ਮੈਂ ਮੁੰਡੇ ਨੂੰ ਚੁਪੇੜ ਮਾਰਦਾ ਹਾਂ	I slap the boy

ਚੁਪੇੜ ਖਾਣਾ	to be slapped
ਮੈਨੇ ਖ਼ਤ ਲਿਖਣ ਲਈ ਚੁਪੇੜ ਖਾਇਆ	I was slapped for writing a letter.
ਦਬਕਾ scolding(m.) ਦਬਕਾ ਦੇਣਾ	to scold
ਪਿਤਾ ਜੀ ਅੱਜ ਮੈਨੂੰ ਦਬਕਾ ਦਿਆ	Father scolded me today.

Translate the following:

1. About whom did he dream?
2. I believed him.
3. He remembered his brother one day and wept.
4. Father blamed his daughter for lying
5. What did you name your son?
6. She was blamed for stealing.
7. His brother was slapped.
8. The man slapped his child.
9. Mother scolded her son.
10. I dreamt about big big things.
11. Who was blamed for the poem and why?
12. Remember God and he will listen.

UNIT XIII

ਪ੍ਰੇਮ ਸੰਗੀਤ

ਨਾਨਕ ਸਿੰਘ

: ੧੪ :

ਇਕ ਦਿਨ ਦੀ ਗੱਲ ਹੈ ਜਗਜੀਤ ਦਾ ਪਿਉ ਕੁਝ ਦਿਨਾਂ ਲਈ ਕਿਸੇ ਹੋਰ ਸ਼ਹਿਰ ਗਿਆ ਹੋਇਆ ਸੀ, ਬਲਵੰਤ ਕੌਰ ਰਾਤ ਨੂੰ ਚੋਖਾ ਚਿਰ ਪਤੀ ਦੀ ਉਡੀਕ ਵਿਚ ਬੈਠੀ ਰਹੀ ਤੇ ਯਾਰਾਂ ਕੁ ਵਜੇ ਜਗਜੀਤ ਘਰ ਆਇਆ। ਬਲਵੰਤ ਕੌਰ ਨੇ ਪੁਛਿਆ — "ਅਜ ਇਤਨਾ ਚਿਰ ਕਰ ਕੇ ਆਏ ਓ, ਕਿਥੇ ਚਲੇ ਗਏ ਸੌ?"

ਉਹ ਬੋਲ਼ਿਆ — "ਅਜ ਮੇਲਾ ਰਾਮ ਦੇ ਤਲਾਅ ਤੇ ਮਹਾਤਮਾ ਦੇਵਦਾਸ ਜੀ ਦੀ ਆਉਂਦ ਸੁਣੀ ਸੀ, ਮੈਂ ਵੀ ਉਥੇ ਹੀ ਚਲਾ ਗਿਆ। ਮੈਂ ਆਖਿਆ ਬੜੇ ਚਿਰਾਂ ਪਿਛੋਂ ਆਏ ਨੇ, ਦਰਸ਼ਨ ਕਰ ਆਵਾਂ।"

ਬਲਵੰਤ ਕੌਰ ਜ਼ਰਾ ਉਤਸੁਕਤਾ ਦੇ ਭਾਵ ਨਾਲ ਬੋਲੀ — "ਉਹ ਕੌਣ ਨੇ? ਕਿਥੇ ਰਹਿੰਦੇ ਨੇ? ਅਗੇ ਵੀ ਕਦੇ ਆਏ ਸਨ?"

ਉਹ ਹਰ ਦੂਜੇ ਤੀਜੇ ਸਾਲ ਵਿਸਾਖੀ ਦੇ ਮੌਕੇ ਆਇਆ ਕਰਦੇ ਨੇ। ਬੜੇ ਕਰਨੀ ਵਾਲੇ ਮਹਾਤਮਾ ਨੇ, ਭਜਨੀਕ ਵੀ ਹਦ ਦਰਜੇ ਦੇ ਨੇ। ਦਿਲ ਵਿਚ ਜੋ ਗੱਲ ਧਾਰ ਕੇ ਜਾਓ ਝਟ ਬੁਝ ਲੈਂਦੇ ਨੇ। ਬਾਗ਼ ਵਿਚ ਤਿਲ ਸੁਟਣ ਨੂੰ ਥਾਂ ਨਹੀਂ ਸੀ।"

"ਹੱਛਾ! ਜ਼ਨਾਨੀਆਂ ਵੀ ਗਈਆਂ ਸਨ?"

"ਕੋਈ ਥੋੜੀਆਂ ਜਿਹੀਆਂ? ਉਥੇ ਜ਼ਨਾਨੀਆਂ ਦਾ ਖੁਰ ਧਜ ਨਹੀਂ ਸੀ ਪਾਇਆ ਜਾਂਦਾ। ਬੜੇ ਬੜੇ ਅਮੀਰ ਘਰਾਂ ਦੀਆਂ । ਪ੍ਰਸ਼ਨ ਲਾਣ ਵਿਚ ਲਾਸਾਨੀ ਨੇ।"

"ਤਾਂ ਤੇ ਜ਼ਰੂਰ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਨੇ। ਮੈਨੂੰ ਭੀ ਲੈ

ਚਲੋ ਖਾਂ ਇਕ ਦਿਨ।"

"ਪਰ ਉਥੇ ਤੇ ਇਤਨੀ ਭੀੜ ਹੁੰਦੀ ਏ ਕੇ ਉਨ੍ਹਾਂ ਦੇ ਪਾਸ ਜਾਣਾ ਕਿਸੇ ਬੜੇ ਹੌਸਲੇ ਵਾਲੇ ਦਾ ਕੰਮ ਹੈ।"

"ਫੇਰ?"

"ਫੇਰ ਮੇਰੀ ਤਾਂ ਇਹ ਸਲਾਹ ਏ ਕੇ ਇਕ ਦਿਨ ਉਨ੍ਹਾਂ ਨੂੰ ਪ੍ਰਸ਼ਾਦ ਛਕਣ ਲਈ ਬੇਨਤੀ ਕਰੀਏ। ਮੇਰੇ ਨਾਲ ਤਾਂ ਉਂਜ ਹੀ ਉਨ੍ਹਾਂ ਦਾ ਬੜਾ ਪ੍ਰੇਮ ਹੈ।"

"ਲੋਕਾਂ ਦੇ ਘਰ ਚਲੇ ਜਾਂਦੇ ਨੇ?"

"ਕੁਝ ਪ੍ਰੇਮੀਆਂ ਤੋਂ ਛੁਟ ਹੋਰ ਕਦੇ ਕਿਸੇ ਦੇ ਘਰ ਨਹੀਂ ਜਾਂਦੇ।"

"ਫੇਰ ਸਾਡੇ ਘਰ ਕੀਕਣ ਆਉਣਗੇ?"

"ਤੈਨੂੰ ਦਸਿਆ ਤਾਂ ਏਂ ਜੁ ਮੇਰੇ ਨਾਲ ਉਨ੍ਹਾਂ ਦਾ ਬੜਾ ਪ੍ਰੇਮ ਹੈ। ਮੈਨੂੰ ਉਮੈਦ ਤਾਂ ਬੜੀ ਹੈ ਜੁ ਆ ਜਾਣਗੇ।"

"ਚੰਗਾ ਫਿਰ ਲੈ ਆਉਣਾ ਕਿਸੇ ਦਿਨ (ਕੁਝ ਸੋਚ ਕੇ) ਕਲ੍ਹ ਲੈ ਆਉਣਾ ਖਾਂ।"

"ਕਲ੍ਹ ? ਹੱਛਾ ਮੈਂ ਕੋਸ਼ਸ ਕਰਾਂਗਾ। ਜੇ ਉਨ੍ਹਾਂ ਕਿਸੇ ਹੋਰ ਦੇ ਘਰ ਜਾਣ ਦਾ ਬਚਨ ਨਾ ਕੀਤਾ ਹੋਇਆ ਤਾਂ ਉਮੈਦ ਹੈ ਜ਼ਰੂਰ ਆਉਣ ਲਈ ਮਨਾ ਲਵਾਂਗਾ।"

"ਕਿਹਾ ਚੰਗਾ ਹੁੰਦਾ ਜੇ ਹੁਣੇ ਹੀ ਕਹਿ ਆਉਂਦੇ। ਖ਼ਬਰੇ ਕਲ੍ਹ ਤੁਹਾਡੇ ਜਾਣ ਤੋਂ ਪਹਿਲਾਂ ਈ ਕਿਸ ਹੋਰ ਨਾਲ ਇਕਰਾਰ ਕਰ ਛੱਡਣ।"

ਪਹਿਲਾਂ ਪਤਾ ਹੁੰਦਾ ਤਾਂ ਕਹਿ ਹੀ ਆਉਂਦਾ। ਹੱਛਾ ਮੈਂ ਹੁਣੇ ਜਾਨਾ ਵਾਂ।"

ਕੋਟ ਪਾ ਕੇ ਉਹ ਛੇਤੀ ਨਾਲ ਘਰੋਂ ਬਾਹਰ ਨਿਕਲ ਗਿਆ ਤੇ ਘੰਟੇ ਕੁ

ਮਗਰੋਂ ਹੀ ਘਰ ਮੁੜ ਆਇਆ। ਬਲਵੰਤ ਕੌਰ ਅਜੇ ਤਕ ਬੈਠੀ! ਉਸ ਨੂੰ ਆਉਂਦਿਆਂ ਵੇਖ ਕੇ ਬੋਲੀ – "ਕਹਿ ਆਏ ਓ?"

ਜਸਵੰਤ ਸਿੰਘ ਹੱਸਦਾ ਹੋਇਆ ਬੋਲਿਆ – "ਕਹਿ ਛੱਡ ਕੇ ਮਨਾ ਵੀ ਆਇਆ ਵਾਂ। ਇਕ ਦੋ ਪ੍ਰੇਮੀ ਹੋਰ ਵੀ ਕਹਿ ਰਹੇ ਸਨ, ਪਰ ਮੈਂ ਤਾਂ ਉਨ੍ਹਾਂ ਦੇ ਗਲ ਦਾ ਹਾਰ ਹੀ ਬਣ ਗਿਆ। ਛੱਡਿਆ ਤਾਂ ਜੁ ਹਾਂ ਕਰਾ ਕੇ।"

ਦੂਜੇ ਦਿਨ ਸਵੇਰੇ ਬਲਵੰਤ ਕੌਰ ਅਗੇ ਨਾਲੋਂ ਕੁਝ ਸਵੇਰੇ ਹੀ ਉਠ ਬੈਠੀ ਤੇ ਉਸ ਨੇ ਪਤੀ ਨੂੰ ਵੀ ਜਗਾ ਦਿਤਾ ਤੇ ਪੁਛਣ ਲਗੀ, "ਸੰਤ ਕਿਹੜੇ ਵੇਲੇ ਆਉਣਗੇ?"

ਉਹ ਬੋਲਿਆ "ਪੂਰੇ ਦਸ ਵਜੇ " ਇੰਨੇ ਨੂੰ ਬਾਹਰੋਂ ਮਾਇਆ ਵੀ ਅੰਦਰ ਆ ਗਈ। ਬਲਵੰਤ ਕੌਰ ਉਸ ਨੂੰ ਤੱਕ ਕੇ ਬੋਲੀ "ਕੁੜੇ ਅੱਜ ਰਤਾ ਹਿੰਮਤ ਨਾਲ ਕੰਮ ਕਰਨਾ ਹੋਵੇਗਾ, ਤੈਨੂੰ ਪਤਾ ਏ ਸਾਡੇ ਘਰ ਅੱਜ ਸੰਤਾਂ ਰੋਟੀ ਖਾਣ ਆਉਣਾ ਏ ।"

ਮਾਇਆ ਕਹਿਣ ਲੱਗੀ – "ਮੈਨੂੰ ਅਗੇ ਈ ਪਤਾ ਏ। ਰਾਤੀਂ ਜਦੋਂ ਭਰਾ ਹੋਰੀਂ ਸੰਤਾਂ ਨੂੰ ਕਹਿ ਕੇ ਆਏ ਸਨ ਤਾਂ ਅਸੀਂ ਜਾਗਦੇ ਸਾਂ, ਉਨ੍ਹਾਂ ਸਾਨੂੰ ਵੀ ਦਸਿਆ ਸੀ।"

ਫਿਰ ਦੋਵੇਂ ਜਣੀਆਂ ਰਸੋਈ ਘਰ ਵਿਚ ਜਾ ਕੇ ਬੜੇ ਪ੍ਰੇਮ ਨਾਲ ਰਸੋਈ ਆਦਿ ਦਾ ਪ੍ਰਬੰਧ ਕਰਨ ਲਗ ਪਈਆਂ।

ਇੰਨੇ ਨੂੰ ਅਚਾਨਕ ਹੀ ਜਗਜੀਤ ਬੋਲ ਉਠਿਆ – "ਓਹੋ! ਕੰਮ ਤਾਂ ਬੜਾ ਖ਼ਰਾਬ ਹੋਇਆ।"

ਮਾਇਆ ਨੇ ਬੜੀ ਕਾਹਲੀ ਨਾਲ ਪੁਛਿਆ – "ਕਿਉਂ ਭਰਾ?" ਉਹ ਘਬਰਾਹਟ ਨਾਲ ਬੋਲਿਆ:

"ਮੇਰੀ ਤਾਂ ਅੱਜ ਕਚਹਿਰੀ ਤਰੀਕ ਹੈ, ਮੈਨੂੰ ਤਾਂ ਚੇਤਾ ਈ ਹੁਣ ਆਇਆ। ਮੁਸ਼ਕਲ ਇਹ ਹੈ ਉਸ ਮੁਕੱਦਮੇਂ ਵਿਚ ਜਸਵੰਤ ਦੀ ਗਵਾਹੀ ਹੈ।"

ਬਲਵੰਤ ਕੌਰ ਘਬਰਾ ਕੇ ਬੋਲੀ – "ਤੇ ਸੰਤਾਂ ਦੀ ਰੋਟੀ ਦਾ ਕੀ ਬਣੇਗਾ ? ਤੁਸੀਂ ਦੋਵੇਂ ਚਲੇ ਗਏ ਤੇ ਫਿਰ ਅਸੀਂ ਕੱਲੀਆਂ ਕੀ ਕਰਾਂਗੀਆਂ? ਕਿਹਾ ਮੁਕੱਦਮਾ ਹੈ ?"

'ਮੁਕੱਦਮਾ ਇਕ ਦੋਸਤ ਦਾ ਹੈ, ਐਵੇਂ ਖ਼ਾਹ ਮਖ਼ਾਹ ਦਾ ਉਸ ਨੇ ਸਾਨੂੰ ਦੁਹਾਂ ਨੂੰ ਮੌਕੇ ਦੇ ਗਵਾਹ ਤਲਬ ਕਰਾਇਆ ਹੈ। ਫੇਰ ਹੁਣ ਕੀ ਬਣੇਗਾ? ਸੰਤਾਂ ਨੂੰ ਹੁਣ ਜਵਾਬ ਵੀ ਨਹੀਂ ਦਿਤਾ ਜਾ ਸਕਦਾ। ਬੜਾ ਮਾੜਾ ਕੰਮ ਹੋਇਆ, ਪਹਿਲਾਂ ਖ਼ਿਆਲ ਹੀ ਨਾ ਰਿਹਾ। ਇਕ ਦਿਨ ਹੋਰ ਠਹਿਰ ਜਾਂਦੇ।"

ਇੰਨੇ ਨੂੰ ਮਾਇਆ ਬਲਵੰਤ ਕੌਰ ਵਲ ਤੱਕ ਕੇ ਬੜੇ ਹੌਂਸਲੇ ਨਾਲ ਬੋਲੀ – "ਕੋਈ ਡਰ ਨਹੀਂ ਭਰਜਾਈ! ਤੂੰ ਘਾਬਰ ਕਿਉਂ ਗਈ ਏਂ ਰੋਟੀ ਖੁਆਣ ਵਿਚ ਕੋਈ ਊਠ ਘੋੜੇ ਲੱਦਣੇ ਨੇ? ਸੰਤ ਲੋਕ ਤਾਂ ਵਾਹਿਗੁਰੂ ਦਾ ਰੂਪ ਹੁੰਦੇ ਨੇ, ਇਕ ਆਦਮੀ ਨੂੰ ਰੋਟੀ ਖੁਆਉਣੀ ਕਿਡਾ ਕੁ ਔਖਾ ਕੰਮ ਏ" ਫਿਰ ਜਗਜੀਤ ਵਲ ਤੱਕ ਕੇ ਬੋਲੀ "ਭਰਾ ਜੀ! ਤੁਸੀਂ ਬਿਫ਼੍ਰਕ ਚਲੇ ਜਾਣਾ। ਅਸੀਂ ਆਪੇ ਸਭ ਸੰਭਾਲ ਲਵਾਂਗੀਆਂ।"

ਬਲਵੰਤ ਕੌਰ ਦੇ ਦਿਲ ਨੂੰ ਧੀਰਜ ਹੋਈ ਤੇ ਫਿ ਉਸੇ ਉਤਸਾਹ ਨਾਲ ਕੰਮ ਵਿਚ ਲਗ ਗਈ। ਜਗਜੀਤ ਕੱਪੜੇ ਪਾ ਕੇ ਬਾਹਰ ਚਲਾ ਗਿਆ।

13.1 Phrases

ਇਕ ਦਿਨ ਦੀ ਗੱਲ ਹੈ।	one day
ਦਰਸ਼ਨ ਕਰ ਆਵਾਂ।	let me have an audience
ਧੁਰ ਧਜ ਨਹੀਂ ਸੀ ਪਾਇਆ ਜਾਂਦਾ	there was no end, the end could not be found
ਕਹਿ ਆਏ ਓ ?	have you told him?
ਛੱਡਿਆ ਤਾਂ ਜੁ ਹਾਂ ਕਰਾ ਕੇ	I only gave up when he said yes, I didn't give up until he assented
ਰੋਟੀ ਖੁਆਣ ਵਿਚ ਕੋਈ ਊਠ ਘੋੜੇ ਲੱਦਣੇ ਨੇ ?	In giving a meal are camels and horses to be loaded?, i.e., Is it such a big job to give a meal?

13.2 The following proper names are found in the reading:

ਜਗਜੀਤ, ਬਲਵੰਤ ਕੌਰ, ਮੇਲਾ ਰਾਮ, ਦੇਵਰਾਮ, ਮਾਇਆ, ਜਸਵੰਤ

13.3 Vocabulary

ਅਚਾਨਕ	suddenly
ਅਮੀਰ	rich
ਆਉਂਦ	arrival (f.)
ਐਵੇਂ	thus
ਔਖਾ	difficult, distressed
ਇਕਰਾਰ	promise (m.)
ਇੰਨੇ ਨੂੰ	in the meantime
ਈ	= ਹੀ
ਏ	= ਹੈ
ਉਂਜ ਹੀ	just, anyway, for no particular reason
ਉਤਸਾਹ	enthusiasm (m.)
ਉਤਸੁਕਤਾ	eagerness (f.)
ਉਮੈਦ	hope (f.)
ਊਠ	camel (m.)
ਓ	= ਹੋ
ਓਹੋ	oho!, an exclamation
ਸੰਗੀਤ	music (m.)
ਸੰਭਾਲਣਾ	to take care of, to manage
ਸੰਭਾਲ ਲੈਣਾ	to take care of, to manage
ਸਾਨੂੰ	to us
ਸੌ	were, with ਤੂੰ
ਹੱਸਣਾ	to laugh

ਹੱਛਾ	well! all right!
ਹਦ	limit, boundary (f.)
ਹਦ ਦਰਜੇ ਦਾ	extremely
ਹਾਰ	garland (m.)
ਹਿੰਮਤ	courage (f.)
ਹੁਣੇ	just now
ਹੋਰੀਂ	others
ਕਚਹਿਰੀ	court of law (f.)
ਕਰਨੀ	deed, action (f.)
ਕਲ੍ਹ	tomorrow, yesterday
ਕੱਲਾ	alone
ਕਾਹਲੀ	haste (f.)
ਕਿਉਂ	= ਕਿਓਂ
ਕਿਹੜਾ	what? which? who?
ਕਿਡਾ	where?
ਕੀਕਣ	how?
ਕੋਸ਼ਸ਼	= ਕੋਸ਼ਿਸ਼
ਕੋਟ	jacket, coat (m.)
ਖ਼ਬਰੇ	who knows?
ਖਰਾਬ	bad
ਖ਼ਾਂ	then, indeed
ਖ਼ਾਹ ਮਖ਼ਾਹ	in vain
ਖੁਆਉਣਾ	to feed
ਖੁਆਣਾ	= ਖੁਆਉਣਾ
ਗਲ	neck (m.)
ਗਵਾਹ	witness (m.)
ਗਵਾਹੀ	testimony (f.)

ਘਬਰਾਉਣਾ	to be afraid, confused
ਘਬਰਾਹਟ	fear, trouble, confusion (f.)
ਘਾਬਰਨਾ	to be frightened, perplexed, confused
ਘਾਬਰ ਜਾਣਾ	to be frightened, perplexed, confused
ਚੇਤਾ	memory, recollection (m.)
ਚੋਖਾ	good
ਚੋਖਾ ਚਿਰ	for a long time
ਛਕਣਾ	to eat
ਛੁਟ	except, besides
ਛੇਤੀ ਨਾਲ	quickly
ਜਗਾਉਣਾ	to awaken (trans.)
ਜਗਾ ਦੇਣਾ	to awaken (trans.)
ਜਣੀ	woman (f.)
ਜਨਾਨੀ	woman (f.)
ਜ਼ਰਾ	some, a little
ਜਾਓ	= ਜਾਉ
ਜਾਗਣਾ	to wake up (intr.)
ਜੁ	that (conj.)
ਜੁ	emphatic word
ਤੱਕਣਾ	to see
ਤਰੀਕ	date, day of the year (f.)
ਤਲਬ ਕਰਾਉਣਾ	to cause to summon
ਤਲਾਅ	pond (m.)
ਤਿਲ	sesamum (m.)
ਦੱਸਣਾ	to show, tell
ਦਰਸ਼ਨ	audience, visit with an important man, seeing (polite speech) (m.)

ਦੁਹਾਂ ਨੂੰ	to both
ਧਜ	banner (m.)
ਧੀਰਜ	patience (f.)
ਧੁਰ	extremity, limit (m.)
ਨੇ	= ਹਨ
ਪ੍ਰਸ਼ਨ	question (m.)
ਪ੍ਰਸਾਦ	offering at a religious ceremony (m.)
ਪਿਉ	father (m.)
ਬਚਨ	word, promise (m.)
ਬਿਸ਼ਕ	surely
ਬੁੱਝਣਾ (ਬੁਝਣਾ)	to guess, comprehend
ਬੇਨਤੀ	request (f.)
ਭਜਨੀਕ	singer of ਭਜਨ , devotional singer (m.)
ਭਰਜਾਈ	brother's wife (f.)
ਭਰਾ	brother (m.)
ਭਾਵ	feeling, idea, gesture (m.)
ਭੀ	= ਵੀ
ਭੀੜ	crowd (f.)
ਮਨਾਣਾ	to make someone agree, to please
ਮਾੜਾ	bad, weak
ਮੁਸ਼ਕਲ	difficulty (f.)
ਮੁਕੱਦਮਾ	court case (m.)
ਮੌਕਾ	here: occasion (m.)
ਰਸੋਈ	cooking (f.)
ਰਸੋਈ ਘਰ	kitchen (m.)
ਰਤਾ	a little, somewhat

ਰਾਤੀਂ	at night, last night
ਰੋਟੀ	flat, round bread (f.)
ਲੱਦਣਾ	to load
ਲਾਸਾਨੀ	unequalled, unique
ਵਜੇ	o'clock
ਵਾਂ	= ਹਾਂ
ਵਿਸਾਖੀ	a festival on the first day of ਵਿਸਾਖ (m.)
ਵੇਲਾ	time (m.)

13.4 Answer the following questions in Panjabi:

੧. ਬਲਵੰਤ ਕੌਰ ਰਾਤ ਨੂੰ ਚੋਖਾ ਚਿਰ ਕਿਸਦੀ ਉਡੀਕ ਵਿਚ ਬੈਠੀ ਰਹੀ ?

੨. ਜਗਜੀਤ ਕਿੰਨੇ ਕੁ ਵਜੇ ਘਰ ਆਇਆ?

੩. ਬਲਵੰਤ ਕੌਰ ਦੇ ਇਤਨਾ ਚਿਰ ਕੇ ਆਉਣ ਦਾ ਕਾਰਣ ਪੁੱਛਣ ਤੇ ਜਗਜੀਤ ਕੀ ਬੋਲਿਆ?

੪. ਜਗਜੀਤ ਕਿਹੜੇ ਮਹਾਤਮਾਂ ਦੇ ਦਰਸ਼ਨ ਕਰਨ ਚਲਾ ਗਿਆ?

੫. ਜਗਜੀਤ ਨੇ ਮਗਤਮਾਂ ਦੇ ਬਾਰੇ ਕੀ ਦੱਸਿਆ?

੬. ਕੀ ਮਹਾਤਮਾਂ ਦੇ ਦਰਸ਼ਨ ਲਈ ਜਨਾਨੀਆਂ ਵੀ ਗਈਆਂ ਸਨ?

੭. ਬਲਵੰਤ ਕੌਰ ਨੇ ਮਰਾਤਮਾਂ ਜੀ ਦੇ ਦਰਸ਼ਨ ਕਰਨ ਲਈ ਕੀ ਆਖਿਆ?

੮. ਜਗਜੀਤ ਨੇ ਬਲਗੀਂਤ ਕੌਰ ਨੂੰ ਮਹਾਤਮਾਂ ਜੀ ਦੇ ਦਰਸ਼ਨ ਕਰਾਉਣ ਲਈ ਕੀ ਦੱਸਿਆ?

੯. ਬਲਵੰਤ ਕੌਰ ਨੇ ਮਹਾਤਮਾ ਜੀ ਨੂੰ ਕਦੋਂ ਲੈ ਆਉਣ ਲਈ ਕਿਹਾ?

੧੦. ਜਗਜੀਤ ਕਦੋਂ ਮਹਾਤਮਾਂ ਜੀ ਨੂੰ ਬੁਲਾਉਣ ਲਈ ਗਿਆ?

੧੧. ਜਗਜੀਤ ਨੇ ਮਹਾਤਮਾਂ ਜੀ ਦੇ ਆਉਣ ਦਾ ਕਿਹੜਾ ਸਮਾਂ ਦੱਸਿਆ?

੧੨. ਬਲਵੰਤ ਕੌਰ ਕਿਹੜੇ ਵੇਲੇ ਉੱਠੀ?

੧੩. ਜਗਜੀਤ ਨੂੰ ਇੱਕ ਦਮ ਕੀ ਖਿਆਲ ਆਇਆ?

੧੪. ਜਗਜੀਤ ਨੇ ਕਿਹਾ ਮੁਕੱਦਮਾ ਦੱਸਿਆ?

੧੫. ਬਲਵੰਤ ਕੌਰ ਦੇ ਘਬਰਾਉਣ ਤੇ ਮਾਇਆ ਨੂੰ ਹੌਸਲਾ ਕਰਾਉਣ ਲਈ ਕੀ ਆਖਿਆ?

13.5 Fill in the blanks:

੧. ਉਹ —— ਲਈ —— ਸ਼ਹਿਰ ਚਲਾ ਗਿਆ ਸੀ।
੨. ਬਲਵੰਤ ਕੌਰ —— ਚਿਰ ਪਤੀ ਦੀ ਉਡੀਕ ——।
੩. —— ਚਿਰ ਕਰਕੇ ਕਿਉਂ ਆਏ ——?
੪. ਤਲਾਅ —— ਉਹ ਦੀ —— ਸੁਣੀ ਸੀ।
੫. ਮੈਂ —— ਦੇ ਮਾਣ ਨਾਲ ——।
੬. ਬੜੇ —— ਵਾਲੇ ਆਦਮੀ ਹਨ।
੭. ਅਮੀਰ ਘਰਾਂ ਦੀਆਂ ਜਨਾਨੀਆਂ ਪ੍ਰਸ਼ਨ —— ਵਿਚ ——।
੮. ਸਾਨੂੰ ਗਾਂਧੀ ਜੀ ਦੇ —— ਚਾਹੀਦੇ ——।
੯. ਮੁੰਡੇ ਨੂੰ ਵੀ ਲੈ ——।
੧੦. ਉਥੇ —— ਭੀੜ ਹੁੰਦੀ ਹੈ —— ਤਿਲ —— ਥਾਂ ਨਹੀਂ ——।
੧੧. ਇਹ ਕਰਨਾ —— ਬੜੇ ਹੌਸਲੇ —— ਕੱਮ ਹੈ।
੧੨. ਉਸਦੀ ਇਹ —— ਹੈ ਕੇ ਇਕ ਉਨ੍ਹਾਂ ਨੂੰ —— ਲਈ ਬੇਨਤੀ ——।
੧੩. ਮੀਤਾ ਨਾਲ —— ਦਾ ਬੜਾ —— ਸੀ।
੧੪. ਮੈਨੂੰ ਉਮੀਦ ਤਾਂ ਬੜੀ ਹੈ —— ਜਾਣਗੇ।
੧੫. ਕਿਹਾ ਚੰਗਾ —— ਤੇ —— ਹੀ ਚਲੇ ——।
੧੬. ਕਪੜੇ —— ਉਹ ਘਰੋਂ ਬਾਹਰ —— ਗਿਆ।
੧੭. ਛੱਡਿਆ ਤਾਂ ਜੁ —— ਕੇ।
੧੮. ਮੈਂ ਅੱਜ ਅਗੇ —— ਕੁਝ ਸਵੇਰੇ ਹੀ ਉਠ ——।
੧੯. ਰਾਤੀਂ ਅਸੀਂ ਚੋਖਾ ਚਿਰ —— ਸਾਂ।
੨੦. ਅੱਜ ਕਚਹਿਰੀ —— ਹੈ।

13.6 Translate into Panjabi:

1. One of his brothers had gone to the city for a few days.
2. Until late at night she waited for him.
3. Why did you come so late today?

4. Today the arrival of a saint in the village was heard. I also went to see him.
5. He said eagerly, "Did he ever come before?"
6. Every second or third year we go there on the occasion of a fair.
7. What ever you are thinking of, he can tell you.
8. There is no room in the house even to put a seed.
9. They belong to high families.
10. They are unique in their beauty.
11. Then I must certainly see him.
12. Only a man of great courage can do this.
13. Why don't we invite him to dinner someday?
14. I have great hopes that he will come.
15. How wonderful it would have been if you had already invited him!

13 7 The passive voice is formed with ਜਾਣਾ as an auxiliary verb. It is used with the past participle of the verb of action, which agrees in gender and number with the subject of the sentence:

ਮੁੰਡੇ ਤੋਂ ਕੰਮ ਕੀਤਾ ਜਾਂਦਾ ਹੈ	Work is done by the boy
ਮੁੰਡੇ ਤੋਂ ਕਿਤਾਬ ਪੜ੍ਹੀ ਜਾਵੇਗੀ	The book will be read by the boy
ਮੁੰਡੇ ਤੋਂ ਕੰਮ ਕੀਤਾ ਗਿਆ	Work was done by the boy

Change the following sentences into the passive voice:

੧. ਉਨ੍ਹਾਂ ਦੇ ਕਰਸ਼ਨ ਕਰਦੇ ਹਨ।
੨. ਇਕ ਦਿਨ ਉਨ੍ਹਾਂ ਨੂੰ ਪ੍ਰਸ਼ਾਦ ਛਕਣ ਲਈ ਬੇਨਤੀ ਕਰੀਏ
੩. ਉਸ ਨੇ ਪਤੀ ਨੂੰ ਜਗਾ ਦਿਤਾ।
੪. ਅੱਜ ਹਿੰਮਤ ਨਾਲ ਕੰਮ ਕਰੋ।
੫. ਪਹਿਲਾਂ ਖ਼ਿਆਲ ਹੀ ਨਾ ਕੀਤਾ।
੬. ਅਸੀਂ ਆਪੇ ਸਭ ਸੰਭਾਲ ਲਵਾਂ।

13.8 The verb ਸੱਕਣਾ is used as an auxiliary to mean "can", or "may". The verb of action in the sentence is used in its stem form:

ਤੁਸੀਂ ਜਾ ਸਕਦੇ ਹੋ	You can (may) go
ਅਸੀਂ ਜਾ ਸਕਦੇ ਹਨ	We can (may) go
ਅਸੀਂ ਜਾ ਸਕੇ	We were able to (could) go
ਉਹ ਜਾ ਸਕੇਗਾ	He will be able to go
ਇਹ ਗੱਲ ਕਹੀ ਜਾ ਸਕਦੀ ਹੈ	This can be said

Complete the following sentences with the help of ਸੱਕਣਾ :

੧. ਉਹ ਸ਼ਹਿਰ ——— (could go more than once)
੨. ਬਲਵੰਤ ਕੌਰ ਚੋਖਾ ਚਿਰ ਪਤੀ ਦੀ ਉਡੀਕ ——— (can do)
੩. ਇਹ ਪੁਛਿਆ ——— (could be [passive])
੪. ਬੜੇ ਹੌਸਲੇ ਵਾਲਾ ਈ ਇਹ ਕੰਮ ——— (can do)
੫. ਕੋਸ਼ਸ ——— (can be done)
੬. ਮੁੰਡਾ ——— (may be afraid)
੭. ਮੁਕੱਦਮਾ ਕਦੋਂ ——— (could begin)
੮. ਤੁਸੀਂ ਇਕ ਦਿਨ ਹੋਰ ——— (can stay)
੯. ਅਸੀਂ ਹੁਣ ਕਪੜੇ ——— (can put on)
੧੦. ਅਸੀਂ ਦਸ ਵਜੇ ———(can come back)

UNIT XIV

ਜੀਭ

ਸ: ਚਰਨ ਸਿੰਘ ਸ਼ਹਿਦ

ਬੋਟੀ ਤੋਲਾ ਨਰਮ ਮਾਸ ਦੀ,
ਬਣ ਜਾਏ ਤੇਜ਼ ਕਟਾਰੀ ਜੀਭ!
ਲਕੜੀ ਵਾਂਗ ਦਿਲਾਂ ਨੂੰ ਚੀਰੇ,
ਬਿਨ ਚੰਦਿਆਂ ਦੇ ਆਰੀ ਜੀਭ!
ਓ, ਬੜਬੋਲੇ ਮੂੰਹ ਭੈੜੇ ਥੀਂ,
ਗੱਲ ਤਾਂ ਚੰਗੀ ਨਰਿਆ ਜ਼ਹਰ,
ਚੁਲ੍ਹੇ ਮੂੰਹ ਵਿਚ ਧੁਖਦੀ, ਭਖਦੀ,
ਦਿਸੇ ਤੇਰੀ ਅੰਗਾਰੀ ਜੀਭ!
ਸਤਿਆਨਾਸ ਨਾ ਹਿੰਦ ਦਾ ਹੁੰਦਾ.
ਛਿੜ ਕੇ ਕੌਰੋ-ਪਾਂਡੋ ਜੰਗ,
ਜੇ ਦ੍ਰੋਪਦੀ ਸਾਂਭੀ ਰਖਦੀ,
ਮੂੰਹ ਵਿਚ ਤੇਗ਼ ਦੋਧਾਰੀ ਜੀਭ !
ਬੜੇ ਬੜੇ ਜੋਧੇ ਜੋ ਡਰਦੇ
ਨਹੀਂ ਤੋਪਾਂ ਬੰਦੂਕਾਂ ਤੋਂ,
ਸਹਿਮ ਜਾਣ ਜਦ ਵਾਂਗ ਪਟਾਕੇ,
ਛਡਦੀ ਘਰ ਦੀ ਨਾਰੀ ਜੀਭ !
ਰਬੜੋਂ ਨਰਮ, ਫੁਲਾਂ ਤੋਂ ਹੌਲੀ,
ਨਾ ਹੱਡੀ ਨਾ ਪੱਸਲੀ ਮੂਲ,
ਫਿਰ ਭੀ ਬਣ ਜਾਏ ਤੇਜ਼ ਤੀਰ ਤੋਂ,
ਤੇ ਪਰਬਤ ਤੋਂ ਭਾਰੀ ਜੀਭ!
ਜੀਭ ਚੜ੍ਹਾਵੇ ਹਾਥੀ ਉਤੇ,
ਜੀਭ ਲਿਤਾੜੇ ਹਾਥੀ ਪੈਰ ,

ਸ਼ਤਰੂ ਨੂੰ ਇਹ ਮਿਤਰ ਬਣਾਵੇ,
ਤੋੜੇ ਰਿਸ਼ਤੇਦਾਰੀ ਜੀਭ!
ਬੱਤੀ ਪਹਿਰੇਦਾਰ ਬਠਾਏ,
ਰੱਬ ਨੇ ਇਸ ਨੂੰ ਕਰ ਕੇ ਕੈਦ,
ਫਿਰ ਭੀ ਮਾਰ ਦੂਰ ਤਕ ਕਰਦੀ,
ਚੰਡੀ ਔਗੁਣਹਾਰੀ ਜੀਭ!
ਸ਼ੇਰ ਮੱਥਿਓਂ ਫੱਟ ਮਿਲ ਗਿਆ,
ਥੋੜੇ ਦਿਨੀਂ ਕੁਹਾੜੇ ਦਾ,
ਪਰ ਨਾ ਮਿਟਿਆ ਘਾਉ ਰਿਦੇ ਦਾ,
ਜੋ ਲਾਇਆ ਸੀ ਆਰੀ ਜੀਭ !
ਜਿਉਂ ਰਾਹ ਵਿਚੋਂ ਤਿੱਖਾ ਕੰਡਾ,
ਜੜ੍ਹ ਤੋਂ ਹਨ ਸਭ ਪੁਟ ਸੁਟਦੇ,
ਦਿਲ ਕਰਦਾ ਹੈ, ਬਦ-ਜ਼ਬਾਨ ਦੀ,
ਖਿਚ ਸੁਟੀਏ ਤਿਉਂ ਸਾਰੀ ਜੀਭ!

14.1 Phrases

ਰਬੜੋਂ ਨਰਮ, ਫੁਲਾਂ ਤੋਂ ਹੌਲੀ	softer than rubber, gentler than flowers
ਦਿਲ ਕਰਦਾ ਹੈ...	it makes one feel like... (lit., it is desired)

14.2 Vocabulary

ਅੰਗਾਰੀ	fire (f.)
ਆਰੀ	saw (f.)
ਔਗੁਣਹਾਰਾ	defective
ਸਹਿਮਣਾ	to be frightened
ਸਹਿਮ ਜਾਣਾ	to be frightened
ਸ਼ਤਰੂ	enemy (m.)

ਸਤਿਆਨਾਸ	destruction, misfortune (m.)
ਸਾਂਭਣਾ	to restrain, hold, support, care for, manage
ਹਿੰਦ	India (m.)
ਹੌਲਾ	gentle, light (in weight)
ਕਟਾਰੀ	dagger (f.)
ਕੰਡਾ	thorn (m.)
ਕੁਹਾੜਾ	axe (m.)
ਕੌਰੋ - ਪਾਂਡੋ	Kauravas and Pandavas (in Mahabharata) (m.)
ਖਿਚ ਸੁੱਟਣਾ	to pull out
ਘਾਉ	wound (m.)
ਚੰਡੀ	a Hindu goddess, Kali; used derogatively for a woman (f.)
ਚੰਦੀ	tooth of a saw (f.)
ਚੜ੍ਹਾਉਣਾ	to cause to ride, to cause to mount
ਚਾਰਨਾ	to saw
ਚੁਲ੍ਹਾ	oven, fireplace (m.)
ਛੱਡਣਾ	to shoot, throw, release
ਛਿੜਨਾ	to begin
ਜੜ੍ਹ	root (f.)
ਜਿਉਂ	as... (with ਤਿਉਂ)
ਜੀਭ	tongue (f.)
ਜੋਧਾ	warrior (m.)
ਤਿਉਂ	...so, in the same way (with ਜਿਉਂ)
ਤਿੱਖਾ	sharp
ਤੀਰ	arrow (m.)
ਤੇਗ਼	sword (f.)
ਤੇਜ਼	sharp
ਤੋਪ	cannon (f.)
ਤੋਲਾ	a measure of weight, about one-half ounce (m.)

4

ਥੀਂ	from, by, through
ਦ੍ਰੋਪਦੀ	heroine of Mahabharata, wife of Pandavas (f.)
ਦਿੱਸਣਾ	to be seen, to be visible
ਦਿਨੀਂ	in days
ਦੋਧਾਰੀ	double-edged
ਧੁਖਣਾ	to burn furiously
ਨਰਮ	soft
ਨਾਰੀ	woman (f.)
ਪੱਸਲੀ	small bones (f.)
ਪਹਿਰੇਦਾਰ	guard (m.)
ਪਟਾਕਾ	firework (m.)
ਪਰਬਤ	mountain (m.)
ਪੁਟ ਸੁੱਟਣਾ	to dig, to eradicate
ਫੱਟ	cut, wound (m.)
ਫੁਲ	flower (m.)
ਬਠਾਣਾ	to appoint, to cause to sit
ਬਦ-ਜੁਬਾਨ	bad-tongued, harsh-speaking
ਬੰਦੂਕ	rifle (f.)
ਬੜਬੋਲਾ	braggart, boaster (m.)
ਬਿਨ	without
ਭਖਣਾ	to burn
ਭਾਰਾ	heavy
ਭੈੜਾ	evil, wicked, bad
ਮੱਥਾ	forehead (m.)
ਮਾਰ	raid (f.)
ਮਿਟਣਾ	to go away, be destroyed, end

ਮੂਲ	basic element, root (m.)
ਰੱਬ	God (m.)
ਰਬੜ	rubber (f.)
ਰਾਹ	way, path (m.)
ਰਿਸ਼ਤੇਦਾਰੀ	relation (f.)
ਰਿਦਾ	heart (m.)
ਲਕੜੀ	wood, piece of wood (f.)
ਲਿਤਾੜਨਾ	to trample, crush
ਵਾਂਗ	like

14.3 Write this poem in prose order and write, in English, its meaning.

14.4 Translate the following into Panjabi:

1. The tongue is a piece of meat weighing a tola:.
2. The tongue becomes a sharp dagger.
3. Like a saw it saws the heart.
4. Why don't you talk nicely sometimes?
5. The fire is burning furiously.
6. If there were no Mahabharata, India would not have been destroyed.
7. Had he kept quiet, there would have been no war.
8. Everyone shudders with fear when the housewife uses her sharp tongue.
9. The tongue is softer than rubber, lighter than flowers.
10. But it becomes sharper than an arrow and heavier than the mountains.
11. The tongue may make you ride on an elephant or be trampled under his feet.

12. It may turn an enemy into a friend or a relative into an enemy.
13. There are 24 watchmen in his house.
14. I feel like going there.
15. It is easier to heal a wound made by a lion than one made by the tongue.

14.5 The post-position ਤੋਂ is used to indicate the comparative and superlative degrees of adjectives and adverbs. The adjective or adverb itself is not altered:

ਭਾਰੀ	heavy
ਪਰਬਤ ਤੋਂ ਭਾਰੀ	heavier than a mountain
ਸਭ ਤੋਂ ਭਾਰੀ	heaviest of all

Translate the following into Panjabi:

1. This girl is more beautiful than that one.
2. This book is lighter than the other.
3. Ra:m is cleverer than Na:nak.
4. Delhi is farther than London.
5. The price of a book is more than that of a pen.
6. The householder a:šram is better than other a:šrams.
7. His tongue is sharper than hers.
8. I am older than you (use ਬੜਾ).
9. The capitol of Iraq is older than the capitol of America (use ਪੁਰਾਣਾ).
10. What do you like most of all?

UNIT XV

ਚਾਚੇ ਜੁੰਮੇ ਦੀ ਜਾਇਦਾਦ --

ਜ਼ੋਸ਼ੁਆ ਫ਼ਜ਼ਲਦੀਨ

ਚਾਚਾ ਜੁੰਮਾ ਨਿੱਕੇ ਹੁੰਦਿਆਂ ਤੋਂ ਹੀ ਚੰਗਾ ਰੌਣਕੀ ਬੰਦਾ ਸੀ। ਕਿਸੇ ਨੂੰ ਛੇੜ, ਕਿਸੇ ਨੂੰ ਛਾੜ, ਕਿਸੇ ਨਾਲ ਹਾਸਾ, ਕਿਸੇ ਨਾਲ ਮਖੌਲ, ਪਿੰਡ ਵਿਚ ਚੰਗੀ ਮੌਜ ਲਾਈ ਰਖਦਾ ਸੀ। ਪਰ ਉਹ ਜੁਆਨੀ ਦੇ ਦਿਨ ਸਨ। ਚਾਚਾ ਜੁੰਮਾ ਮੋਢਿਆਂ ਉਤੋਂ ਦੀ ਬੁਕਦਾ ਸੀ, ਟੁਰਦਾ ਟੁਰਦਾ ਕੰਧਾਂ ਨਾਲ ਪਿਆ ਖਹਿੰਦਾ।ਜੁਆਨੀ ਮਸਤਾਨੀ ਜ਼ੋਰਾਂ ਤੇ ਸੀ, ਦੁਨੀਆਂ ਸਾਰੀ ਇਕ ਖੇਡ ਸੀ ਤੇ ਚਾਚਾ ਜੁੰਮਾ ਇਕ ਵੱਡਾ ਖਿਡਾਰੀ।

ਪਰ ਸਮੇਂ ਹੁਣ ਬੀਤ ਗਏ ਸਨ। ਚਾਚਾ ਜੁੰਮਾ ਬੁੱਢਾ ਹੋ ਗਿਆ ਸੀ। ਹੱਡ ਗੋਡੇ, ਜਾਣੋਂ ਜਵਾਬ ਦੇਈ ਬੈਠੇ ਸਨ। ਟੁਰਦਾ ਚਾਚਾ, ਤਾਂ ਡੰਗੋਰੀ ਹੱਥ ਵਿਚ ਫੜ ਕੇ। ਮੂੰਹ ਵਿਚ ਦੰਦ ਕੋਈ ਨਾ ਰਿਹਾ, ਨੇਤਰ ਕਮਜ਼ੋਰ ਪੈ ਗਏ, ਦਿਖਾਈ ਘੱਟ ਦੇਣ ਲੱਗ ਪਿਆ। ਅਗੋਂ ਰੱਬ ਦੀ ਕਰਨੀ, ਸ਼ਰੀਕ ਬੁਰੇ, ਦਿਨ ਰਾਤ ਬੱਸ ਇਸੇ ਤਕ ਵਿਚ, ਕਿ ਕਦੋਂ ਚਾਚਾ ਪਰਾਣ ਛੱਡੇ ਤੇ ਅਸੀਂ ਜਾਇਦਾਦ ਦੇ ਵਾਰਸ ਹੋਈਏ। ਚਾਚਾ ਜੁੰਮਾ ਕਿਸਮਤ ਦਾ ਬਲੀ ਸੀ, ਪਿੰਡ ਵਿਚ ਉਸ ਦੀ ਚੋਖੀ ਧਾਕ ਬੱਝੀ ਹੋਈ ਸੀ। ਜ਼ਮੀਨ ਤਾਂ ਚਾਚੇ ਦੀ ਪਿੰਡ ਵਿਚ ਕੋਈ ਹੈ ਨਹੀਂ ਸੀ, ਪਰ ਅਵਾਈ ਇਹ ਸੀ ਕਿ ਚਾਚੇ ਨੇ ਬਾਹਰ ਸ਼ਹਿਰ ਵਿਚ ਕੋਠੀਆਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਦਾ ਕਰਾਇਆ ਕੋਈ ਪੰਜ ਛੇ ਸੌ ਰੁਪਿਆ ਆਉਂਦਾ ਹੈ।

ਬਰਾਦਰੀ ਵਿਚੋਂ ਚਾਚੇ ਦੇ ਪੋਤਰੇ, ਦੇਹਤਰੇ, ਧੀਆਂ, ਪੁੱਤਰ ਬਥੇਰੇ ਸਨ। ਪਰ ਸ਼ਰੀਕਾ ਸ਼ਰੀਕਾ ਹੀ ਹੁੰਦਾ ਹੈ, ਕੋਈ ਚਾਚੇ ਦੇ ਨੇੜੇ ਨਾ ਢੁਕੇ। ਆਖਣ, ਕੌਣ ਜਾਵੇ? ਕੀ ਲੈਣਾ ਹੈ? ਧਨ ਦੌਲਤ ਕਿਹੜਾ ਚਾਚਾ ਸੀਨੇ ਤੇ ਧਰਕੇ ਲੈ ਚਲਿਆ ਹੈ? ਵਰ੍ਹਾ ਨਹੀਂ ਤਾਂ ਦੋ, ਆਖਰ ਨਦੀ ਕਿਨਾਰੇ ਰੁਖੜਾ, ਅੱਜ ਡਿੱਗਾ ਕਿ ਕਲ ਚਾਚੇ ਨੇ ਕੋਈ ਬੈਠ ਤਾਂ ਰਹਿਣਾ ਹੀ ਨਹੀਂ, ਅਸੀਂ ਕਾਹਨੂੰ

ਖੰਘਾਰ ਪਏ ਸਾਂਭੀਏ? ਸਾਰੇ ਵਿਚਾਰੇ ਕੋਲੋਂ ਦੂਰ ਰਹਿਣ। ਉਂਜ ਚਾਚੇ ਦੀ ਜਾਇਦਾਦ ਵਾਲੀ ਮਹਿਮਾ ਸੁਣ ਸੁਣ ਕੇ ਕਪੜਿਆਂ ਵਿਚ ਨਾ ਮੇਉਣ। ਆਪਣੀ ਆਪਣੀ ਥਾਂ ਕੋਈ ਇਕ ਕੋਠੀ ਦਾ ਮਾਲਕ ਬਣੇ ਤੇ ਕੋਈ ਦੋਂਹ ਦਾ, ਪਰ ਨੇੜੇ ਕੋਈ ਨਾ ਢੁਕੇ।

ਚਾਚੇ ਵਿਚਾਰੇ ਦੀ ਟਹਿਲ ਜੋਗਾ ਬੱਸ ਉਸ ਦਾ ਇਕੋ ਕਾਮਾ ਹੀ ਕਾਮਾ ਸੀ, ਜਿਹੜਾ ਉਸ ਦੇ ਕੋਲ ਕੋਈ ਵੀਹਾਂ, ਪੰਝੀਆਂ ਵਰ੍ਹਿਆਂ ਤੋਂ ਸੀ। ਕਿਸੇ ਨੇਕ ਕੁਖ ਦਾ ਜਾਇਆ ਸੀ। ਜੁੰਮੇ ਦੀ ਹਦੋਂ ਬਾਹਰੀ ਸੇਵਾ ਕਰੇ। ਚਾਚਾ ਬੀਮਾਰ ਹੋਵੇ ਤਾਂ ਵੈਦਾਂ, ਹਕੀਮਾਂ ਨੂੰ ਸੱਦਦਾ ਫਿਰੇ। ਚਾਚਾ ਵੱਲ ਹੋਵੇ ਤਾਂ ਕਦੀ ਹੁੱਕਾ ਬੁੱਝਣ ਨਾ ਦੇਵੇ। ਬਾਹਰ ਅੰਦਰ ਚਾਚੇ ਨੂੰ ਨਾਲ ਨਾਲ ਲਈ ਫਿਰੇ। ਗੱਲ ਕੀ, ਜ਼ੇਕਰ ਇਹ ਕਾਮਾ ਨਾ ਹੁੰਦਾ ਤਾਂ, ਉਂਜ ਤਾਂ ਰੱਬ ਦੇ ਰਾਹ ਨਿਆਰੇ ਹਨ, ਪਰ ਜੁੰਮੇ ਵਾਲੀ ਖੇਡ ਚਿਰੇਕਣੀ ਮੁਕ ਗਈ ਹੁੰਦੀ। ਇਹ ਕਾਮੇ ਦੀ ਟਹਿਲ ਸੇਵਾ ਸੀ, ਜਿਹੜੀ ਅੱਜ ਤਕ ਜੁੰਮੇ ਨੂੰ ਲਈ ਆਉਂਦੀ ਸੀ। ਜੁੰਮਾ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਚਾਰ ਚੌਵਾਂ ਵਿਚ ਗੱਜ ਕੇ ਕਹਿੰਦਾ ਸੀ:

"ਯਾਰੋ, ਮੇਰੇ ਪੋਤਰਿਆਂ, ਦੋਹਤਰਿਆਂ ਤੇ ਹੋਰ ਭੈਣਾ ਭਾਈਆਂ ਨਾਲੋਂ ਤਾਂ ਮੇਰਾ ਇਹ ਕਾਮਾ ਬਹੁਤਾ ਦਰਦੀ ਹੈ। ਇਸ ਦਾ ਹੱਕ ਮੈਂ ਕਿਥੋਂ ਦੇਣ ਜੋਗਾ ਜੇ? ਇਹ ਇਸੇ ਦੀ ਮਿਹਰਬਾਨੀ ਹੈ ਕਿ ਮੈਂ ਅੱਜ ਤਕ ਪਿਆ ਜੀਉਂਦਾ ਹਾਂ, ਨਹੀਂ ਤਾਂ ਸਾਡੀ ਤਾਂ ਚਿਰੋਕਣੀ ਮਿਟੀ ਵੀ ਨਾ ਰਹੀ ਹੁੰਦੀ।"

ਪਰ ਜਿਹੜਾ ਬਣਿਆ ਹੈ, ਆਖ਼ਰ ਇਕ ਦਿਨ ਜ਼ਰੂਰ ਢਹਿੰਦਾ ਹੈ, ਤੇ ਜਿਹੜਾ ਜੰਮਿਆ ਉਹ ਜ਼ਰੂਰ ਇਕ ਦਿਨ ਮਰਦਾ ਹੈ। ਚਾਚੇ ਜੁੰਮੇ ਦਾ ਵੀ ਆਖ਼ਰ ਇਕ ਦਿਨ ਆ ਗਿਆ। ਕਾਲ ਤੋਂ ਕਿਹੜਾ ਮਾਈ ਦਾ ਜਾਇਆ ਬਚ ਸਕਦਾ ਹੈ? ਚਾਚਾ ਜੁੰਮਾ ਪੂਰਾ ਹੋ ਗਿਆ, ਤੇ ਸ਼ਰਮੋਂ ਕੁਸ਼ਰਮੋਂ ਸ਼ਰੀਕਾ ਆਣ ਰੋਣ ਧੋਣ ਲੱਗਾ, ਤੇ ਚਾਚੇ ਦਾ ਕਫ਼ਨ-ਦਫ਼ਨ ਕੀਤਾ।

ਜਦੋਂ ਚਾਚੇ ਨੂੰ ਮੋਇਆਂ ਦੋ ਚਾਰ ਦਿਨ ਹੋਏ ਤਾਂ ਚੌਧਰੀ ਈਦੇ ਨੇ ਸਾਰੇ ਪਿੰਡ ਨੂੰ ਇਕੱਠਾ ਕੀਤਾ ਤੇ ਕਹਿਣ ਲੱਗਾ, "ਲਓ, ਭਾਈ, ਚਾਚਾ

ਜੁੰਮਾਂ ਬੜਾ ਸਿਆਣਾ ਨਿਕਲਿਆ, ਮਰਨ ਤੋਂ ਪਹਿਲਾਂ ਇਕ ਵਸੀਅਤ ਲਿਖ ਕੇ ਛੱਡ ਗਿਆ ਹੈ। ਵਸੀਅਤ ਇਕ ਲਫ਼ਾਫ਼ੇ ਵਿਚ ਬੰਦ ਹੈ ਤੇ ਉਤੇ ਲਿਖਿਆ ਹੋਇਆ ਹੈ, ਇਸ ਨੂੰ ਸਾਰੇ ਪਿੰਡ ਦੇ ਸਾਮ੍ਹਣੇ, ਮੇਰੇ ਪੋਤਰਿਆਂ ਦੋਹਤਰਿਆਂ ਵਿਚ ਬਹਿ ਕੇ ਪੜ੍ਹਿਆ ਜਾਵੇ। ਸੋ ਲਓ, ਭਾਈਓ, ਚਾਚੇ ਜੁੰਮੇ ਦਾ ਸਾਰਾ ਸ਼ਰੀਕਾ ਆ ਜਾਵੇ, ਮੈਂ ਲੱਗਾ ਜੇ ਉਸ ਦੀ ਵਸੀਅਤ ਖੋਲ੍ਹਣ।"

ਝੱਟ ਵਿਚ ਸ਼ਰੀਕੇ ਦਾ ਜਿਹੜਾ ਕਿਹੜਾ ਜੀਵ ਰਹਿੰਦਾ ਸੀ, ਉਹ ਵੀ ਹੁੰਮ ਹੁਮਾ ਕੇ ਆਣ ਹਿਕੱਠਾ ਹੋਇਆ। ਸਾਰਿਆਂ ਦੀ ਕਿਸਮਤ ਦਾ ਅੱਜ ਫੈਸਲਾ ਹੋਣਾ ਸੀ, ਕਿਸ ਨੂੰ ਕਿੰਨਾ ਕੁਝ ਲੱਭਦਾ ਹੈ। ਅਖੀਰ ਜਦੋਂ ਸਾਰੀ ਪਰ੍ਹਾ ਲੱਗ ਗਈ ਤਾਂ ਚੌਧਰੀ ਈਦਾ ਉਠਿਆ, ਸਾਰਿਆਂ ਨੂੰ ਦਿਖਾ ਕੇ ਲਫ਼ਾਫ਼ਾ ਖੋਲ੍ਹਿਆ ਤੇ ਲੱਗਾ ਪੜ੍ਹਨ:

"ਮੇਰੀ ਸਾਰੀ ਜਾਇਦਾਦ ਕੋਈ ਦੋ ਲੱਖ ਦੀ ਹੈ। ਉਸਦੇ ਵਿਚੋਂ ਪਿੰਡ ਵਿਚ ਤਾਂ ਨਿਰਾ ਇਹੋ ਇਕ ਕੋਠੜਾ ਹੈ, ਜਿਸ ਵਿਚ ਮੈਂ ਆਪਣਾ ਸਿਰ ਢਕਦਾ ਹਾਂ। ਇਹ ਕੋਠਾ ਮੈਂ ਆਪਦੇ ਕਾਮੇ ਨੂੰ ਦੇਂਦਾ ਹਾਂ। ਬਾਕੀ ਜਾਇਦਾਦ ਦੀ ਵੰਡ ਮੈਂ ਇਸ ਤਰ੍ਹਾਂ ਕਰਦਾ ਹਾਂ:

"ਤੀਹ ਤੀਹ ਹਜ਼ਾਰ ਮੈਂ ਆਪਣਿਆਂ ਦੋਹਾਂ ਪੋਤਰਿਆਂ ਨੂੰ ਦਿੰਦਾ ਹਾਂ।"

ਸਭ ਪਾਸਿਓਂ, ਸ਼ਾਬਾਸ਼। ਚਾਚਾ ਜੁੰਮਾਂ ਕੁਲ-ਪਾਲ ਨਿਕਲਿਆ। ਪੋਤਰੇ ਤੇ ਹੋਰ ਅੰਗ ਸਾਕ ਬੜੇ ਖੁਸ਼। ਅੱਗੇ ਚਲ ਕੇ ਵਸੀਅਤ ਵਿਚ ਲਿਖਿਆ ਸੀ,

"ਤੇ ਵੀਹ ਵੀਹ ਹਜ਼ਾਰ ਮੈਂ ਆਪਣੇ ਤਿੰਨਾਂ ਦੋਹਤਰਿਆਂ ਨੂੰ ਦੇਂਦਾ ਹਾਂ। ਬਾਕੀ ਪੰਜ ਪੰਜ ਹਜ਼ਾਰ ਮੈਂ ਆਪਣੇ ਸਾਰੇ ਅੰਗਾਂ ਸਾਕਾਂ ਨੂੰ ਦੇਂਦਾ ਹਾਂ। ਤੇ ਬਾਕੀ ਜੋ ਬਚੇ, ਉਹ ਸਾਰੇ ਰਿਸ਼ਤੇਦਾਰਾਂ ਵਿਚ ਇਕੋ ਜਿਹਾ ਵੰਡਿਆ ਜਾਵੇ। ਮੈਂ ਨਹੀਂ ਚਾਹੁੰਦਾ ਕਿ ਮੇਰਾ ਕੋਈ ਵੀ ਅੰਗ ਸਾਕ ਮੇਰੀ ਜਾਇਦਾਦ ਵਿਚੋਂ ਖ਼ਾਲੀ ਹੱਥ ਜਾਵੇ।"

ਇਹ ਕਹਿ ਕੇ ਚੌਧਰੀ ਈਦਾ ਤਾਂ ਬੈਠ ਗਿਆ ਤੇ ਸਾਰੇ ਪਾਸੇ ਖ਼ੂਬ, ਖ਼ੂਬ ਵਾਹ ਭਈ ਵਾਹ, ਦਾ ਰੌਲਾ ਪੈ ਗਿਆ। ਚਾਚੇ ਜੁੰਮੇ ਦੇ ਨਿਆਂ ਦੀ ਸਾਰੇ

ਵਡਿਆਈ ਕਰਨ ਤੇ ਕਈਆਂ ਨੇ ਉਥੇ ਬੈਠੇ ਹੀ ਵਪਾਰ ਕਰ ਲਏ। ਕਿਸੇ ਨੇ ਪਿੰਡ ਵਿਚ ਹਵੇਲੀ ਲੈਣ ਦੀ ਸਲਾਹ ਕੀਤੀ ਤੇ ਕਿਸੇ ਨੇ ਢੱਗਿਆਂ ਦਾ ਸੌਦਾ ਕੀਤਾ, ਕਿਸੇ ਨੇ ਗਾਂ ਦਾ ਤੇ ਕਿਸੇ ਨੇ ਮੱਝ ਦਾ। ਪਰ ਅਖ਼ੀਰ ਇਕ ਪੋਤਰਾ ਉਠਿਆ ਤੇ ਲੋਕਾਂ ਨੂੰ ਚੁੱਪ ਕਰਾ ਕੇ ਚੌਧਰੀ ਈਦੇ ਨੂੰ ਪੁੱਛਣ ਲੱਗਾ, "ਚੌਧਰੀ ਜੀ, ਇਹ ਰੁਪਈਆ ਹੈ ਕਿਥੇ, ਤੇ ਸਾਨੂੰ ਮਿਲੇਗਾ ਕਦੋਂ?

ਚੌਧਰੀ ਈਦਾ ਉਠਿਆ ਤੇ ਕਹਿਣ ਲੱਗਾ: "ਇਹੋ ਤਾਂ ਮੈਂ ਵੀ ਸੋਚਦਾ ਹਾਂ। ਵਸੀਅਤ ਵਿਚ ਇਹ ਤਾਂ ਕਿਧਰੇ ਵੀ ਨਹੀਂ ਲਿਖਿਆ ਤੇ ਨਾ ਹੀ ਕਿਧਰੇ ਕੋਈ ਰਸੀਦ ਪਰਚਾ ਹੀ ਹੈ, ਰੁਪਈਆ ਕਿਥੇ ਹੈ, ਇਹ ਤਾਂ ਚਾਚੇ ਜੁੰਮੇ ਨੇ ਕਿਸੇ ਨੂੰ ਦਸਿਆ ਹੀ ਨਹੀਂ।"

15.1 Phrases

ਚੰਗੀ ਮੌਜ ਲਾਈ ਰਖਦਾ ਸੀ	was giving a good time
ਮੋਢਿਆਂ ਉਤੋਂ ਦੀ ਥੁਕਦਾ ਸੀ	he spit over his shoulders
ਕੰਧਾ ਨਾਲ ਪਿਆ ਖਹਿੰਦਾ	he rubbed (people) with his shoulder
ਦੁਨੀਆਂ ਸਾਰੀ ਇਕ ਖੇਡ ਸੀ	the whole world was a game
ਜਵਾਬ ਦੇਈ ਬੈਠੇ ਸਨ	had given up
ਆਖਣ, ਕੌਣ ਜਾਵੇ?	"who wants to go?" they would say
ਕੀ ਲੈਣਾ ਹੈ ?	what for? for what purpose?
ਸਾਰੇ ਵਿਚਾਰੇ ਕੋਲੋਂ ਦੂਰ ਰਹਿਣ	all stayed far from the poor man
ਬੜਾ ਸਿਆਣਾ ਨਿਕਲਿਆ	he turned out to be very wise
ਮੈਂ ਲੱਗਾ ਜੇ ਉਸ ਦੀ ਵਸ਼ੀਅਤ ਖੋਲ੍ਹਣ	I will begin to open his will
ਜਿਹੜਾ ਕਿਹੜਾ	whoever
ਤੀਹ ਤੀਹ ਹਜ਼ਾਰ	thirty thousand apiece
ਕਪੜਿਆਂ ਵਿਚ ਨਾ ਮੇਉਣਾ	to dance for joy, to be beside oneself

15.2 Vocabulary

ਅਖੀਰ	= ਆਖ਼ਰ, at last
ਅਗੋਂ	beforehand, previously
ਅਵਾਈ	rumor (f.)
ਆਖ਼ਰ	= ਅਖੀਰ, at last
ਆਣਾ	= ਆਉਣਾ
ਇਹੋ	this (very)
ਇਕੋ ਜਿਹਾ	equally
ਈਦਾ	a man's name (m.)
ਉਂਜ	thus
ਉਤੋਂ	from on, off
ਸ਼ਰਮੋ-ਕੁਸ਼ਰਮੋਂ	somehow (lit., with shame and without shame)
ਸ਼ਰਿਕ	relative, companion, partner (m.)
ਸ਼ਰੀਕਾ	= ਸ਼ਰੀਕ
ਸਾਕ	relative (m.)
ਸ਼ਾਬਾਸ਼	bravo!
ਸੀਨਾ	breast, chest (m.)
ਸੇਵਾ	service (f.)
ਸੌਦਾ	business, trade (m.)
ਹੱਡ	bone (m.)
ਹਦੋਂ ਬਾਹਿਰੀ	more than the limit, very much
ਹਵੇਲੀ	mansion (f.)
ਹਾਸਾ	joke (m.)
ਹੁੱਕਾ	water pipe, hukkah (m.)
ਹੁੰਮ ਹੁਮਾ ਕੇ ਆਣਾ	to become overjoyed
ਕਦੀ	= ਕਦੇ

ਕਦੋਂ	when
ਕੰਧਾ	shoulder (m.)
ਕਫ਼ਨ-ਦਫ਼ਨ	coffin and burial, last rites (m.)
ਕਮਜ਼ੋਰ	weak
ਕਰਾਇਆ	rent (m.)
ਕਲ	= ਕਲ੍ਹ
ਕਾਹ	post-positional of ਕੀ
ਕਾਹਨੂੰ	what for? why?
ਕਾਮਾ	farm laborer (m.)
ਕਾਲ	death (m.)
ਕਿਸਮਤ	fate (f.)
ਕਿਧਰੇ ਨਹੀਂ	nowhere
ਕਿੰਨਾ	how much?
ਕੁਖ	womb (f.)
ਕੁਲ-ਪਾਲ	benefactor of the clan (m.)
ਕੋਠੜਾ	diminutive of ਕੋਠੀ, small house, room (m.)
ਕੋਠੀ	large house, mansion (f.)
ਕੋਲੋਂ	from the presence of, in comparison with
ਖਹਿਣਾ	to rub
ਖੰਘਾਰ	cough (m.)
ਖ਼ਾਲੀ	empty
ਖਿਡਾਰੀ	player (m.)
ਖ਼ੂਬ ਖ਼ੂਬ	bravo! well done!
ਖੋਲ੍ਹਣਾ	to open, untie, unwrap
ਗੱਜਣਾ	to roar
ਗਾਂ	cow (f.)
ਗੋਡਾ	knee (m.)

ਘੱਟ	less
ਚਾਚਾ	father's younger brother (m.)
ਚਿਰੋਕਣਾ	old-timed, of a former age, of long duration
ਚੌਧਰੀ	head-man, an honorific term of address (m.)
ਛਾੜ	used only with ਛੇੜ
ਛੇੜ (ਛੇੜ ਛਾੜ)	teasing (f.)
ਜੰਮਣਾ	to be born
ਜ਼ਮੀਨ	land (f.)
ਜੁੰਮਾ	a man's name (m.)
ਜਾਇਦਾਦ	estate (f.)
ਜਾਉਣਾ	to bear (a child), to give birth
ਜਾਣੋਂ	as if
ਜਿਨ੍ਹਾਂ	post-positional pl. of ਜੋ , whom, which, what
ਜੀਉਣਾ	to live, to be alive
ਜਾਵ	soul (m.)
ਜੁਆਨੀ	youth (f.)
ਜੇਕਰ	if
ਜੋਗਾ	capable, worthy
ਟਹਿਲ	service, nursing (f.)
ਟੁਰਨਾ	to walk, depart
ਡੰਗੋਰੀ	a small staff (f.)
ਢਹਿਣਾ	to fall, perish
ਢੱਗੀ	a small type of cow (f.)
ਢੁੱਕਣਾ (ਢੁਕਣਾ)	to approach, arrive
ਤਕ	sight, opportunity (f.)
ਥੁਕਣਾ	to spit

ਦੰਦ	tooth (m.)
ਦਰਦੀ	sympathetic, compassionate
ਦਿਖਾਈ ਦੇਣਾ	to be seen
ਦਿੰਦਾ	= ਦੇਂਦਾ
ਦੁਨਿਆਂ	world (f.)
ਦੋਂਹ	= ਦੋ
ਦੋਹਤਰਾ	diminutive of ਦੋਹਤਾ, daughter's son (m.)
ਦੌਲਤ	wealth (f.)
ਧਨ	wealth (m.)
ਧਰਨਾ	to put
ਧਾਂਕ	reputation (f.)
ਧੋਣਾ	to wash, see ਰੋਣਾ
ਨਿਆਂ	justice (m.)
ਨਿਆਰਾ	different, strange
ਨਿੱਕਾ	young, small
ਨਿਰਾ	only, sole
ਨੇਕ	good
ਨੇਤਰ	eye (m.)
ਪਰ੍ਹਾ	order, line (f.)
ਪਰਚਾ	paper (m.)
ਪਰਾਣ	life (m.)
ਪਾਸਾ	one who is near (m.)
ਪਾਸਿਓਂ	vocative pl. of ਪਾਸਾ
ਪੋਤਰਾ	diminutive of ਪੋਤਾ, son's son (m.)
ਫੈਸਲਾ	decision (m.)
ਬੱਸ	only
ਬਹਿ ਕੇ	having sat

ਬੱਚਣਾ (ਬਚਣਾ)	to be saved, to remain
ਬੱਝਣਾ	to be bound
ਬਥੇਰਾ	plenty, many, much
ਬੰਦ	closed
ਬੰਦਾ	man, servant (of God) (m.)
ਬਲੀ	strong
ਬੁਝਣਾ	to go out, to be extinguished
ਮਸਤਾਨਾ	intoxicated, proud
ਮਾਹਿਮਾ	glory (f.)
ਮਖੌਲ	joke (m.)
ਮੱਝ	water buffalo (f.)
ਮਾਈ	mother (f.)
ਮਾਲਕ	owner, master (m.)
ਮਿਹਰਬਾਨੀ	kindness (f.)
ਮਿਟੀ (ਮਿੱਟੀ)	dust, ashes, earth (f.)
ਮੁੱਕਣਾ	to cease, fail, be exhausted
ਮੇਉਣਾ	to find room, to be contained in, to go in
ਮੋਇਆ	dead, past participle of ਮਰਨਾ
ਮੋਢਾ	shoulder (m.)
ਮੌਜ	enjoyment (f.)
ਯਾਰ	friend (m.)
ਰਸੀਦ	receipt (f.)
ਰੁਖੜਾ	diminutive of ਰੁਖ, tree (m.)
ਰੋਣਾ, ਰੋਣਾ ਧੋਣਾ	to cry, weep
ਰੌਣਕੀ	splendid
ਰੌਲਾ	noise (m.)
ਲਓ	well! (lit., take!)

ਲਫ਼ਾਫ਼ਾ	envelope (m.)
ਵਸੀਅਤ	will, testament (f.)
ਵੰਡ	division, distribution (m.)
ਵਡਿਆਈ	praise (f.)
ਵਪਾਰ	business, trade (m.)
ਵਾਹ ਵਾਹ	bravo!
ਵਾਰਸ	heir (m.)
ਵਿਚਾਰਾ	poor
ਵੈਦ	physician (m.)

15.3 Answer the following questions in Panjabi:

੧. ਚਾਚਾ ਜੁੰਮਾ ਕਿਸ ਤਰ੍ਹਾਂ ਦਾ ਬੰਦਾ ਸੀ?
੨. ਉਹ ਹੰਸੀ-ਮਜ਼ਾਕ ਕਿਸ ਤਰ੍ਹਾਂ ਕਰਦਾ ਸੀ?
੩. ਚਾਚਾ ਜੰਮਾ ਅਪਣੀ ਜੁਆਨੀ ਵਿੱਚ ਕਿਸ ਤਰ੍ਹਾਂ ਦਾ ਸੀ?
੪. ਵੱਡਾ ਹੋ ਕੇ ਕੀ ਸੋਚਣ ਲੱਗਾ ਸੀ?
੫. ਬੁੱਢਾ ਹੋਕੇ ਚਾਚਾ ਕਿਵੇਂ ਟੁਰਦਾ ਸੀ?
੬. ਉਹ ਦੀ ਨੇਤਰ ਕਿਵੇਂ ਦੇ ਹੋ ਗਏ?
੭. ਚਾਚੇ ਦੇ ਸ਼ਰੀਕ ਕੀ ਸੋਚਦੇ ਹਨ?
੮. ਚਾਚੇ ਨੂੰ ਸ਼ਹਿਰ ਦੀਆਂ ਕੋਠੀਆਂ ਤੋਂ ਕਿੰਨਾ ਕਰਾਇਆ ਆਉਦਾ ਸੀ?
੯. ਬਰਾਦਰੀ ਦੇ ਲੋਕ ਕੀ ਸੋਚ ਕੇ ਉਹਦੀ ਸੇਵਾ ਨਹੀਂ ਸਨ ਕਰਦੇ?
੧੦. ਬਰਾਦਰੀ ਵਿੱਚੋਂ ਚਾਚਾ ਦੇ ਕਿਹੜੇ ਲੋਕੀਂ ਹਨ?
੧੧. ਕੀ ਬਰਾਦਰੀ ਦੇ ਲੋਕ ਉਹਦੀ ਸੇਵਾ ਕਰਦੇ ਸਨ?
੧੨. ਚਾਚੇ ਦੀ ਟਹਿਲ ਕੌਣ ਕਰਦਾ ਸੀ?
੧੩. ਚਾਚੇ ਦੇ ਪੂਰੇ ਹੋਣ ਤੋਂ ਬਦ ਸ਼ਰੀਕਾਂ ਨੇ ਕੀ ਕੀਤਾ?
੧੪. ਚਾਚਾ ਆਪਣੀ ਵਸੀਅਤ ਕੀ ਕਰ ਗਿਆ ਸੀ?
੧੫. ਪਿੰਡ ਦੇ ਚੌਧਰੀ ਨੇ ਵਸੀਅਤ ਸੁਣਾਉਣ ਲਈ ਕਿੰਨੂੰ ਕਿੰਨੂੰ ਬੁਲਾਇਆ?
੧੬. ਚਾਚੇ ਨੇ ਬਾਕੀ ਆਪਣੇ ਪੈਸੇ ਦੀ ਵੰਡ ਕਿਵੇਂ ਕੀਤੀ?

15.5 Fill in the blanks:

੧. ਸਾਰੀ ਦੁਨੀਆਂ ਇਕ ——— ਹੈ ਤੇ ਅਸੀਂ ——— ———।
੨. ਇਹ ਸਾਡੇ ——— ਦੇ ਦਿਨ ਹਨ।
੩. ਉਹ ਦੇ ਹੱਥ ਜੋੜੇ ਜਵਾਬ ——— ——— ਸਨ।
੪. ਬੁੱਢੇ ਦੇ ਮੂੰਹ ਵਿਚ ਕੋਈ ——— ਨਾ ਰਿਹਾ।
੫. ਭਾਰਤ ਵਿਚ ਕਾਮਿਆਂ ਦੀ ਘਾਟ ——— ——— ਹੈ।
੬. ਸ਼ਹਿਰ ਵਿਚ ਚਾਚੇ ਨੇ ——— ਕੋਠੀਆਂ ——— ਹੋਈਆਂ ਹਨ।
੭. ਕੋਠੀਆਂ ਦਾ ——— ਪੰਜ ਛੇ ਸੌ ਰੁਪਿਆ ——— ———।
੮. ਚਾਚੇ ਦੇ ਪੋਤਰੇ ——— ——— ——— ਸਨ।
੯. ਨਦੀ ਕਿਨਾਰੇ ਰੁਖੜਾ ਅੱਜ ਡਿੱਗਾ ——— ———।
੧੦. ਚਾਚੇ ਦੀ ਟਹਿਲ ਖ਼ੂਬ ——— ਨੇ ਕੀਤੀ ਸੀ।
੧੧. ਕੋਈ ਬੀਮਾਰ ਹੋਵੇ ——— ਵੈਦਾਂ ਨੂੰ ——— ———।
੧੨. ਜੇਕਰ ਕਾਮਾ ਨਾ ਹੁੰਦਾ ——— ਜੁੰਮੇ ਵਾਲੀ ਗੱਲ ——— ——— ਹੁੰਦੀ।
੧੩. ਕਾਮੇ ਦੀ ਸੇਵਾ ਅੰਤ ਤਕ ਜੁੰਮੇ ਨੂੰ ——— ——— ਸੀ।
੧੪. ਜਿਹੜਾ ਜੰਮਿਆ ਹੈ, ਆਖ਼ਰ ਇਕ ਦਿਨ ——— ਹੈ।
੧੫. ਚਾਚਾ ਜੁੰਮਾ ——— ਹੋ ਗਇਆ।
੧੬. ——— ——— ਪਹਿਲਾਂ ——— ਨੇ ਇਕ ਵਸੀਅਤ ਲਿਖ ——— ਸੀ।
੧੭. ਵਸੀਅਤ ਵਿਚ ——— ਹੋਇਆ ਹੈ।
੧੮. ਸਾਰੇ ਸ਼ਰੀਕੇ ਹੁੰਮ ਹੁਮਾ ਕੇ ਆਉਣ ——— ———।
੧੯. ਸਾਰੀ ਜਾਇਦਾਦ ਕੋਈ ——— ——— ਦੀ ਹੈ।
੨੦. ਬਾਕੀ ਜੋ ਬਚੇ ਉਹ ਸਾਰੇ ਮੁੰਡਿਆਂ ਵਿਚ ——— ——— ਵੰਡਿਆ ———

15.6 Translate into Panjabi:

1. From an early age he was a clever boy.
2. The whole world is a play and we are all players.
3. Those days are gone now.
4. As God would want, his relatives turned out to be bad people.

5. He had no land in the village, but he had many mansions built in the city.
6. The rent from these houses is some five hundred rupees.
7. They would say, "Who would go there?"
8. Whenever he was sick, his servant went around calling the doctors.
9. Had the servant not been there, he would have died long ago.
10. Whoever is born will die, whatever is built will be ruined.
11. Before his death he wrote a will.
12. It was written in the letter that it should be opened in front of everyone.
13. The fate of all was to be decided that day.
14. Showing the letter to everyone, he began to read.
15. My estate is worth two thousand dollars.
16. I give my grandsons two thousand rupees each.
17. Whatever remains should be divided equally among my relatives.
18. Let no one go empty-handed from my house.
19. Some thought of building houses in the village; others thought of going into business.
20. But where is that money, and when will we get it?

15.7 The hortative forms are used in several senses, most commonly:

1) indicating the subjunctive or contingent future -- examples 1 & 2
2) indicating habitual action -- see examples 3 & 4
3. indicating the imperative -- see examples 5, 6, & 7

Examples:

1. ਕਦੋਂ ਚਾਚਾ ਪਰਾਣ ਛੱਡੇ ਤੇ ਅਸੀਂ ਜਾਇਦਾਦ ਦੇ ਵਾਰਸ ਹੋਈਏ?	When would Uncle die and we become heir to the estate?
2. ਕੋਈ ਇਕ ਕੋਠੀ ਦਾ ਮਾਲਕ ਬਣੇ ਤੇ ਕੋਈ ਦੋਂਹ ਦਾ।	Some would become the master of one house, others of two.
3. ਕੋਈ ਚਾਚੇ ਦੇ ਨੇੜੇ ਨਾ ਢੁਕੇ।	No one would go near Uncle.
4. ਬਾਹਰ ਅੰਦਰ ਚਾਚੇ ਨੂੰ ਨਾਲ ਨਾਲ ਲਈ ਫਿਰੇ।	He would wander in and out with Uncle.
5. ਇਸ ਨੂੰ ਸਾਰੇ ਪਿੰਡ ਦੇ ਸਾਮ੍ਹਣੇ ਪੜ੍ਹਿਆ ਜਾਵੇ।	Let (May) it be read in front of the whole village!
6. ਕੋਈ ਵੀ ਖ਼ਾਲੀ ਹੱਥ ਨਾ ਜਾਵੇ।	Let (May) no one go empty-handed !
7. ਉਹ ਰਿਸ਼ਤੇਦਾਰਾਂ ਵਿਚ ਵੰਡਿਆ ਜਾਵੇ।	Let (May) it be divided equally among the relatives!

Using this form, translate the following sentences into Panjabi:

1. He would go everywhere with her.
2. May I do justice to everyone!
3. One would serve him during the day, the other at night.
4. No one would come near him, but everyone wished that he would become the heir to his estate.
5. Let this letter be read in front of everyone!
6. Let this will be opened before the whole village!
7. Let no one go out!
8. May we live happily forever!
9. If he lived there we would go and see him.

PART III

ਗ਼ਰੀਬ-ਨਿਵਾਜ*

ਹਰਚਰਨ ਸਿੰਘ

ਸੀਨ, ਲਾਹੌਰ, ਸ਼ਾਹੀ ਕਿਲ੍ਹੇ ਦੇ ਸਾਮ੍ਹਣੇ ਦਾ ਹੈ। ਅਣਗਿਣਤ ਫ਼ਕੀਰ, ਸਾਈਂ ਤੇ ਗ਼ਰੀਬ ਮੰਗਤੇ ਖੜੇ ਹਨ। ਭੀੜ ਐਨੀ ਏ ਕਿ ਧੱਕੇ ਤੇ ਧੱਕਾ ਵੱਜ ਰਿਹਾ ਹੈ। ਕਈਆਂ ਦੇ ਹੱਥਾਂ ਵਿਚ ਰੋਟੀਆਂ ਹਨ, ਉਹ ਬੜੇ ਖ਼ੁਸ਼ ਜਾਪਦੇ ਹਨ। ਕਈ ਉੱਚੀਆਂ ਅੱਡੀਆਂ ਚੁਕ ਚੁਕ ਕੇ ਲੰਗਰ ਵਲ ਦੇਖਦੇ ਹਨ।

ਥੋੜੀ ਵਿੱਥ ਤੇ ਇਕ ਦਰਮਿਆਨੇ ਕੱਦ ਦਾ ਬੰਦਾ ਖੜਾ ਹੈ। ਉਸ ਦੇ ਕੱਪੜੇ ਬੜੇ ਹੀ ਸਾਦਾ ਹਨ।ਉਸ ਨੂੰ ਲੋਕੀਂ ਸੇਵਾਦਾਰ ਕਹਿੰਦੇ ਹਨ।

ਇਕ ਅੱਧਖੜ ਜਹੀ ਮੰਗਤੀ ਦਾਲ ਨਾਲ ਭਰੀਆਂ ਹੋਈਆਂ ਰੋਟੀਆਂ ਲਈ ਆਉਂਦੀ ਹੈ। ਸੇਵਾਦਾਰ ਨਾਲ ਟੱਕਰ ਜਾਂਦੀ ਹੈ ਤੇ ਰੋਟੀਆਂ ਡਿੱਗ ਪੈਂਦੀਆਂ ਹਨ।

ਸੇਵਾਦਾਰ – (ਪਿਛਾਂ ਮੁੜ ਕੇ) ਉਹ-ਹੋ।

ਮੰਗਤੀ – ਵੇ ਭਾਈ, ਤੈਨੂੰ ਦਿਸਦਾ ਨਹੀਂ, ਅੱਖਾਂ ਫੁਟੀਆਂ ਹੋਈਆਂ ਨੀਂ।

ਸੇਵਾਦਾਰ – ਮਾਈ, ਮੇਰੀ ਤਾਂ ਅੱਖ ਫੁਟੀ ਹੋਈ ਏ, ਤੂੰ ਹੀ ਦੇਖ ਕੇ ਤੁਰਨਾ ਸੀ।

ਮੰਗਤੀ – ਸੇਵਾਦਾਰ ਏਂ ਤੂੰ ਕਿ ਕੋਈ ਢੱਟਾ ਏਂ।

ਸੇਵਾਦਾਰ – ਘਾਬਰ ਨਾ ਮਾਈ, ਮੈਂ ਤੈਨੂੰ ਹੋਰ ਰੋਟੀਆਂ ਲਿਆ ਦਿੰਨਾਂ, ਤੂੰ ਇਨ੍ਹਾਂ ਨੂੰ ਚੁਕ ਕੇ ਕਾਂ ਕੁਤਿਆਂ ਨੂੰ ਪਾ ਦੇਹ।

ਮੰਗਤੀ – (ਅੱਖਾਂ ਤੇ ਪੱਲਾ ਫੇਰ ਕੇ) ਰੱਬ ਤੇਰਾ ਭਲਾ ਕਰੇ।

ਸੇਵਾਦਾਰ ਚਲਾ ਜਾਂਦਾ ਹੈ। ਮੰਗਤੀ ਮੁਸਕ੍ਰਾਉਂਦੀ ਹੋਈ ਰੋਟੀਆਂ ਚੁਕਦੀ ਹੈ, ਉਨ੍ਹਾਂ ਨੂੰ ਝਾੜ ਕੇ ਪੱਲੇ ਬੰਨ੍ਹ ਲੈਂਦੀ ਹੈ।

(ਕੋਲ ਖੜੇ ਇਕ ਬੁਢੜੇ ਨੂੰ ਦੇਖਕੇ) ਵੇ ਆਹਮਿਆ। ਕਿੰਨਾ ਕੁ ਚਿਰ

ਇਥੇ ਖੜਾ ਰਵ੍ਹੇਂਗਾ?

ਆਹਮਾ – ਜਿੰਨਾ ਕੁ ਚਿਰ ਖੜਾ ਹੋ ਸਕਿਆ।

ਮੰਗਤੀ – ਅਗੇ ਵਧ ਕੇ ਰੋਟੀ ਕਿਉਂ ਨਹੀਂ ਲੈਂਦਾ?

ਆਹਮਾ – ਤੂੰ ਲੈ ਆਈ ਏਂ?

ਮੰਗਤੀ – ਆਹੋ, ਪਰ ਅੱਜ ਭੀੜ ਬਹੁਤ ਏ।

ਆਹਮਾ – ਫੇਰ ਤੈਨੂੰ ਕਿੱਦਾਂ ਮਿਲ ਗਈ?

ਮੰਗਤੀ – ਮੈਂ ਇਕ ਸਾਈਂ ਕੋਲੋਂ ਦੋ ਤਿੰਨ ਰੋਟੀਆਂ ਮੰਗ ਲਈਆਂ ਸਨ ਤੇ ਉਹ ਸੇਵਾਦਾਰ ਨਾਲ ਲਗ ਕੇ ਸੁਟ ਦਿੱਤੀਆਂ।

ਆਹਮਾ – ਜਾਣ ਬੁਝ ਕੇ?

ਮੰਗਤੀ – ਆਹੋ ਤੇ ਹੋਰ ਸਚੀ ਮੁੱਚੀਂ।

ਆਹਮਾ – ਤੂੰ ਬੜੀ ਚਲਾਕ ਏਂ।

ਮੰਗਤੀ – ਹੁਣ ਅਗੇ ਨਾਲੋਂ ਬਹੁਤ ਚੰਗੀ ਰੋਟੀ ਮਿਲੇਗੀ। ਸੇਵਾਦਾਰ ਬੜਾ ਚੰਗੀ! ਮੈਨੂੰ ਪਤਾ ਸੀ, ਤੂੰ ਵੀ ਉਸ ਦੀ ਮਿੰਨਤ ਕਰ।

ਆਹਮਾ – ਅਸੀਂ ਆਪਣੇ ਮਨ ਨੂੰ ਆਖਾਂਗੇ, 'ਮਨਾ, ਰਤਾ ਹੋਰ ਸਬਰ ਕਰ।' ਕਿਸੇ ਨੂੰ ਕੀ ਆਖਣਾ।

ਮੰਗਤੀ – ਖੜਾ ਰਹੁ ਫੇਰ ਇਥੇ ਅੱਧੀ ਰਾਤ ਤਕ।

ਆਹਮਾ – ਤੂੰ ਆਪਣਾ ਕੰਮ ਕਰ ਜਾ ਕੇ, ਮੇਰਾ ਫ਼ਿਕਰ ਨਾ ਕਰ।

ਮੰਗਤੀ – ਹੱਥ ਪੈਰ ਨਾ ਹਲਾਏਂਗਾ, ਕੋਈ ਮੂੰਹ ਵਿਚ ਆ ਕੇ ਪਾ ਜਾਏਗਾ।

ਆਹਮਾ – ਉਹ ਅੱਲਾ ਦੇਣ ਵਾਲਾ ਏ ਸਭ ਨੂੰ।

ਇਕ ਪਾਸੇ ਨੂੰ ਤੁਰ ਜਾਦਾ ਹੈ।

ਮੰਗਤੀ – ਬੁਢੇ ਦੀ ਕੀ ਮੱਤ ਮਾਰੀ ਹੋਈ ਏ।

ਸੇਵਾਦਾਰ – (ਰੋਟੀਆਂ ਫੜਾ ਕੇ) ਲੈ ਮਾਈ, ਅਗੇ ਨਾਲੋਂ ਬਹੁਤੀਆਂ ਜੇ।

ਮੰਗਤੀ – ਭਾਈ, ਤੂੰ ਬੜਾ ਚੰਗੈਂ।

ਸੇਵਾਦਾਰ – (ਹਸ ਕੇ) ਅੱਖਾਂ ਫੁਟੀਆਂ ਵਾਲਾ ਭਾਈ ਬੜੀ ਛੇਤੀ ਚੰਗਾ ਹੋ ਗਿਐ।

ਮੰਗਤੀ – (ਸ਼ਰਾਰਤ ਨਾਲ ਮੁਸਕ੍ਰਾਉਂਦੀ ਹੋਈ) ਰੱਬ ਤੇਰੀ ਖ਼ੁਆਜੇ ਜਿੱਤੀ ਉਮਰ ਕਰੇ। ਜੁਗ ਜੁਗ ਜੀਵੇਂ।

ਚਲੀ ਜਾਂਦੀ ਹੈ।

ਸੇਵਾਦਾਰ – (ਉਸ ਵਲ ਦੇਖਦਾ ਹੋਇਆ) ਮਾਈ ਸਮਝਦੀ ਏ, ਸੇਵਾਦਾਰ ਬੁਧੂ ਏ। (ਜ਼ਰਾ ਸੋਚ ਕੇ) ਜੇ ਇਹ ਗਰੀਬ ਇੰਨੇ ਵਿਚ ਖ਼ੁਸ਼ ਹੋ ਜਾਂਦੇ ਨੇ ਤਾਂ ਸੇਵਾਦਾਰ ਦਾ 'ਮਨ ਨੀਵਾਂ' ਰਹੇ ਤਾਂ ਹੀ ਚੰਗਾ।

ਇਕ ਬੰਦਾ ਬੜੀ ਮੌਜ ਨਾਲ ਰੋਟੀਆਂ ਖਾਂਦਾ ਸੇਵਾਦਾਰ ਦੇ ਕੋਲ ਦੀ ਲੰਘਦਾ ਹੈ।

ਬੰਦਾ – ਤੇਰੀ ਸਦਾ ਈ ਜੈ ਓਇ ਲੰਗਰ ਚਲਾਉਣ ਵਾਲਿਆ।

ਸੇਵਾਦਾਰ – ਜੁਆਨ, ਕਲ੍ਹ ਤੂੰ ਇਸ ਤੋਂ ਉਲਟ ਬੋਲ ਰਿਹੀ ਸੈਂ।

ਬੰਦਾ – ਕਲ੍ਹ ਖ਼ਾਸ ਗੱਲ ਸੀ, ਲਾਂਗਰੀ ਨੇ ਖ਼ਾਰ ਨਾਲ ਮੈਨੂੰ ਰੋਟੀ ਨਹੀਂ ਸੀ ਦਿੱਤੀ।

ਸੇਵਾਦਾਰ – ਉਸ ਠੀਕ ਕੀਤਾ ਸੀ। ਮੈਂ ਹੀ ਉਸ ਨੂੰ ਆਖਿਆ ਸੀ।

ਬੰਦਾ – ਭਾਈ ਸਾਹਿਬ ਇਹ ਕਹ ਹਨੇਰ ਮਾਰਦੇ ਓ?

ਸੇਵਾਦਾਰ – ਲੰਗਰ ਮੁਥਾਜ, ਲੰਗੜੇ ਲੂਲੇ, ਗਰੀਬ-ਗੁਰਬਿਆਂ ਲਈ ਏ, ਨਾ ਕਿ ਤੇਰੇ ਵਰਗੇ ਹੱਟੇ ਕੱਟੇ ਕਮਾਊਆਂ ਲਈ।

ਬੰਦਾ – ਭਾਈ ਤੈਨੂੰ ਭੁਲੇਖੈ, ਮੈਂ ਤਾਂ ਸਗੋਂ ਬਹੁਤ ਗਰੀਬ ਆਂ।

ਸੇਵਾਦਾਰ – ਸਰਕਾਰੀ ਘਾਹੀ ਕਦੇ ਗਰੀਬ ਨਹੀਂ ਹੋ ਸਕਦਾ। ਉਸ ਨੂੰ ਬੜੇ ਪੈਸੇ ਮਿਲਦੇ ਨੇ।

ਘਾਹੀ – (ਸਿਰੋਂ ਫੜੇ ਚੋਰ ਵਾਂਗੂੰ) ਤੈਨੂੰ ਕਿਦਾਂ ਪਤੈ ਮੈਂ ਘਾਹੀ ਹਾਂ?

ਸੇਵਾਦਾਰ – ਮੈਂ ਕਈ ਵਾਰ ਤੈਨੂੰ ਘਾਹ ਲਈ ਆਉਂਦੇ ਦੇਖਿਐ।

ਘਾਹੀ – ਭਾਈ, ਤੈਨੂੰ ਹੀ ਪਤੈ ਕਿ ਕਿਸੇ ਹੋਰ ਨੂੰ ਵੀ?

ਸੇਵਾਦਾਰ – ਮਹਾਰਾਜੇ ਨੂੰ ਵੀ ਪਤੈ।

ਘਾਹੀ – (ਘਬਰਾ ਕੇ) ਮਹਾਰਾਜੇ ਨੂੰ ! ਕਦੇ ਨਹੀਂ ਹੋ ਸਕਦਾ।

ਸੇਵਾਦਾਰ – ਮਹਾਰਾਜੇ ਨੂੰ ਹਰੇਕ ਗੱਲ ਦਾ ਪਤੈ। ਘਾਹੀ ਤੋਂ ਲੈ ਕੇ ਵਜ਼ੀਰ ਤਕ ਸਭ ਉਸ ਦੀ ਨਜ਼ਰ ਵਿਚ ਰਹਿੰਦੇ ਨੇ।

ਘਾਹੀ – ਪਰ ਮੈਂ ਤਾਂ ਜੰਮ ਕੇ ਵੀ ਕਦੇ ਘਾਹ ਨਹੀਂ ਖੋਤਿਆ।

ਸੇਵਾਦਾਰ – ਕਿਉਂ ਨਿੱਕੀ ਜਹੀ ਗੱਲ ਤੇ ਝੂਠ ਬੋਲਨੈ, ਜੇ ਤੇਰਾ ਗੁਜ਼ਾਰਾ ਨਹੀਂ ਹੁੰਦਾ ਮੈਂ ਹਜ਼ੂਰ ਨੂੰ ਕਹਿ ਕੇ ਹੋਰ ਪੈਸੇ ਵਧਵਾ ਸਕਦਾਂ।

ਘਾਹੀ – (ਹਥ ਜੋੜ ਕੇ) ਨਾ ਓਇ ਬਾਬਾ, ਮੈਨੂੰ ਪੈਸਿਆਂ ਦੀ ਕੋਈ ਲੋੜ ਨਹੀਂ।

ਸੇਵਾਦਾਰ – ਤੇ ਹੋਰ ਤੂੰ ਕੀ ਚਾਹੁੰਦਾਂ?

ਘਾਹੀ – ਲੰਗਰ ਦੇ ਪਰਸ਼ਾਦੇ।

